# ਮੋਹਾਲੀ ਧਮਾਕਾ: ਪੰਜਾਬ ਦੀਆਂ 170 ਇਮਾਰਤਾਂ ਦੀ ਸੁਰੱਖਿਆ ਕਰਨਗੇ 2 ਹਜ਼ਾਰ ਜਵਾਨ, ਸੁਰੱਖਿਆ ਬਲੂਪ੍ਰਿੰਟ ਤਿਆਰ

ਚੰਡੀਗੜ੍ਹ, 12 ਮਈ (ਚ.ਨ.ਸ.): ਮੋਹਾਲੀ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਹੁਣ ਪੰਜਾਬ ਸਰਕਾਰ ਨੇ ਸੂਬੇ ਦੀਆਂ ਅਹਿਮ ਇਮਾਰਤਾਂ ਦੀ ਸੁਰੱਖਿਆ ਲਈ ਬਲੂਪ੍ਰਿੰਟ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਹਮਲੇ ਦੀ ਜਾਂਚ ਦੌਰਾਨ ਪੁਲਿਸ ਪ੍ਰਸ਼ਾਸਨ ਨੇ ਸੂਬੇ ਦੀਆਂ ਅਹਿਮ ਇਮਾਰਤਾਂ ਦੀ ਸੁਰੱਖਿਆ ਵਧਾਉਣ ਲਈ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਇੱਕ ਰਿਪੋਰਟ ਦੇ ਅਨੁਸਾਰ, ਪੁਲਿਸ ਨੇ ਰਾਜ ਦੇ 23 ਜ਼ਿਲ੍ਹਿਆਂ ਵਿੱਚ ਲਗਭਗ 170 ਅਜਿਹੀਆਂ ਇਮਾਰਤਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਲਈ ਲਗਭਗ 2000 ਕਰਮਚਾਰੀਆਂ ਨੂੰ ਤਾਇਨਾਤ ਕਰਨ ਦੀ ਯੋਜਨਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਲੁਧਿਆਣਾ ਅਦਾਲਤੀ ਕੰਪਲੈਕਸ ਵਿੱਚ ਹੋਏ ਧਮਾਕੇ ਤੋਂ ਬਾਅਦ ਮੁਹਾਲੀ ਸਟੇਟ ਇੰਟੈਲੀਜੈਂਸ ਦੀ ਇਮਾਰਤ 'ਤੇ ਹਮਲਾ ਧਮਾਕੇ ਦੀ ਦੂਜੀ ਘਟਨਾ ਹੈ। ਸਰਕਾਰ ਨੇ ਹੁਣ ਇਸ ਨੂੰ ਗੰਭੀਰਤਾ ਨਾਲ ਲਿਆ ਹੈ। ਪੁਲਿਸ ਮੋਹਾਲੀ ਧਮਾਕੇ ਦੀ ਘਟਨਾ ਨੂੰ ਵੀ ਅੱਤਵਾਦੀ ਘਟਨਾ ਨਾਲ ਜੋੜ ਕੇ ਦੇਖ ਰਹੀ ਹੈ ਪਰ ਪੁਲਿਸ ਨੇ ਅਜੇ ਤੱਕ ਅੱਤਵਾਦੀ ਹਮਲੇ ਦੀ ਪੁਸ਼ਟੀ ਨਹੀਂ ਕੀਤੀ ਹੈ। ਡੀਜੀਪੀ ਨੇ ਹਰੇਕ ਜ਼ਿਲ੍ਹੇ ਦੇ ਅਧਿਕਾਰੀਆਂ ਨੂੰ ਚੌਕਸ ਰਹਿਣ ਅਤੇ ਆਪਣੇ-ਆਪਣੇ ਖੇਤਰਾਂ ਵਿੱਚ ਮਹੱਤਵਪੂਰਨ ਥਾਵਾਂ ਅਤੇ ਇਮਾਰਤਾਂ 'ਤੇ ਸਖ਼ਤ ਨਜ਼ਰ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਰਿਪੋਰਟ ਅਨੁਸਾਰ ਮੁਹਾਲੀ, ਜਲੰਧਰ, ਪਠਾਨਕੋਟ, ਫਿਰੋਜ਼ਪੁਰ, ਫਿਰੋਜ਼ਪੁਰ ਨੂੰ ਸੰਵੇਦਨਸ਼ੀਲ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਜਦੋਂ ਕਿ ਅੰਮ੍ਰਿਤਸਰ, ਜਲੰਧਰ, ਪਠਾਨਕੋਟ, ਫਿਰੋਜ਼ਪੁਰ, ਪਟਿਆਲਾ ਜ਼ਿਲ੍ਹਿਆਂ ਨੂੰ ਅਤਿ ਸੰਵੇਦਨਸ਼ੀਲ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਰਿਪੋਰਟ ਮੁਤਾਬਕ ਮੁਹਾਲੀ ਵਿੱਚ ਸਭ ਤੋਂ ਵੱਧ 37 ਅਤਿ ਸੰਵੇਦਨਸ਼ੀਲ ਇਮਾਰਤਾਂ ਹਨ। ਦੂਜਾ ਸਥਾਨ ਅੰਮ੍ਰਿਤਸਰ ਦਾ ਹੈ, ਜਿੱਥੇ ਕਈ ਕੇਂਦਰੀ ਅਤੇ ਰਾਜ ਸੁਰੱਖਿਆ ਏਜੰਸੀਆਂ ਦੇ ਹੈੱਡਕੁਆਰਟਰ ਸਮੇਤ 17 ਅਤਿ ਸੰਵੇਦਨਸ਼ੀਲ ਇਮਾਰਤਾਂ ਹਨ।

# ਨਸ਼ੇ ਦੀ ਓਵਰਡੋਜ਼ ਕਾਰਨ ਬੁਝਿਆ ਇਕ ਹੋਰ ਘਰ ਦਾ ਚਿਰਾਗ

ਅੰਮ੍ਰਿਤਸਰ,12 ਮਈ (ਚ.ਨ.ਸ.): ਪੰਜਾਬ 'ਚ ਨਸ਼ੇ ਦੀ ਓਵਰਡੋਜ਼ ਕਾਰਨ ਹੋਣ ਵਾਲੀਆਂ ਨੌਜਵਾਨਾਂ ਦੀਆਂ ਮੌਤਾਂ ਦੀ ਗਿਣਤੀ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਅਜਿਹਾ ਇੱਕ ਹੋਰ ਮਾਮਲਾ ਅੰਮ੍ਰਿਤਸਰ ਦੇ ਪਿੰਡ ਰੋੜੀਵਾਲ ਦਾ ਵੀ ਸਾਹਮਣੇ ਆਇਆ ਹੈ, ਜਿਥੇ ਨਸ਼ੇ ਕਾਰਨ ਇਕ ਨੌਜਵਾਨ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਮਿਲੀ ਜਾਣਕਾਰੀ ਅਨੁਸਾਰ ਨੌਜਵਾਨ ਮੌਤ ਤੋਂ ਪਹਿਲਾਂ ਨਸ਼ਾ ਵੇਚਣ ਵਾਲੇ ਸਮੱਗਲਰਾਂ ਕੋਲ ਗਿਆ ਸੀ। ਨਸ਼ੇ ਦੀ ਹਾਲਤ ਵਿੱਚ ਜਦੋਂ ਉਹ ਘਰ ਪੁੱਜਾ, ਤਾਂ ਉਸ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਪਿੰਡ ਰੋੜੀਵਾਲ ਦਾ ਰਹਿਣ ਵਾਲਾ ਸੀ, ਜੋ ਪਿਛਲੇ ਕਾਫੀ ਸਮੇਂ ਤੋਂ ਨਸ਼ਾ ਕਰਨ ਦਾ ਆਦੀ ਸੀ। ਮ੍ਰਿਤਕ ਦੀ ਮੌਤ ਤੋਂ ਬਾਅਦ ਉਸ ਦਾ ਗਰੀਬ ਪਰਿਵਾਰ ਸਦਮੇ 'ਚ ਹੈ। ਪੀੜਤ ਪਰਿਵਾਰ ਨੇ ਨੌਜਵਾਨ ਦੀ ਮੌਤ ਦਾ ਜ਼ਿੰਮੇਵਾਰ ਨਸ਼ਾ ਵੇਚਣ ਵਾਲੇ ਤਸਕਰਾਂ ਨੂੰ ਦੱਸਿਆ ਹੈ। ਪਿੰਡ ਵਾਸੀਆਂ ਨੇ ਸਰਕਾਰ ਨੂੰ ਨਸ਼ਾ ਖ਼ਤਮ ਕਰਨ ਦੀ ਅਪੀਲ ਕੀਤੀ ਹੈ।

## ਕਾਲਾ ਧਨ ਸਫ਼ੈਦ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਮਹਿਲਾ ਆਈ.ਏ.ਐੱਸ. ਅਧਿਕਾਰੀ ਮੁਅੱਤਲ

ਰਾਂਚੀ, 12 ਮਈ (ਚ.ਨ.ਸ.): ਕਾਲੇ ਧਨ ਨੂੰ ਸਫ਼ੈਦ ਕਰਨ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤੇ ਜਾਣ ਤੇ ਅਦਾਲਤ ਵੱਲੋਂ ਐਨਫੋਰਸਮੈਂਟ ਡਾਇਰੈਕਟੋਰੇਟ ਦੀ ਹਿਰਾਸਤ ਵਿੱਚ ਭੇਜੇ ਜਾਣ ਤੋਂ ਇਕ ਦਿਨ ਬਾਅਦ ਅੱਜ ਝਾਰਖੰਡ ਸਰਕਾਰ ਨੇ ਸੂਬੇ ਦੀ ਸੀਨੀਅਰ ਆਈਏਐੱਸ ਅਧਿਕਾਰੀ ਤੇ ਖਣਨ ਸਕੱਤਰ ਪੂਜਾ ਸਿੰਘਲ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਜਾਣਕਾਰੀ ਅੱਜ ਇਕ ਅਧਿਕਾਰੀ ਨੇ ਦਿੱਤੀ। ਦੋ ਦਿਨ ਦੀ ਲਗਾਤਾਰ ਪੁੱਛ-ਪੜਤਾਲ ਮਗਰੋਂ ਕੱਲ੍ਹ ਐਨਫੋਰਸਮੈਂਟ ਡਾਇਰੈਕਟੋਰੇਟ ਨੇ 2000 ਬੈਚ ਦੀ ਆਈਏਐੱਸ ਅਧਿਕਾਰੀ ਪੂਜਾ ਸਿੰਘਲ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਕਾਲੇ ਧਨ ਨੂੰ ਸਫ਼ੈਦ ਕਰਨ ਦੀ ਰੋਕਥਾਮ ਸਬੰਧੀ ਐਕਟ ਤਹਿਤ ਸਥਾਪਤ ਪ੍ਰਭਾਤ ਕੁਮਾਰ ਸ਼ਰਮਾ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ, ਜਿੱਥੋਂ ਉਸ ਨੂੰ ਬਿਰਸਾ ਮੁੰਡਾ ਕੇਂਦਰੀ ਜੇਲ੍ਹ, ਹੋਟਵਾਰ ਭੇਜ ਦਿੱਤਾ ਗਿਆ ਸੀ।

# ਕੇਜਰੀਵਾਲ ਸਰਕਾਰ ਦਾ ਫ਼ੈਸਲਾ, ਦਿੱਲੀ ਦੇ ਸਕੂਲਾਂ 'ਚ ਸਿਰਫ਼ 15 ਦਿਨ ਹੋਣਗੀਆਂ ਗਰਮੀ ਦੀਆਂ ਛੁੱਟੀਆਂ

ਨਵੀਂ ਦਿੱਲੀ, 12 ਮਈ: (ਚ.ਨ.ਸ.) ਦਿੱਲੀ ਦੀ ਕੇਜਰੀਵਾਲ ਸਰਕਾਰ ਨੇ ਬੱਚਿਆਂ ਦੀ ਪੜ੍ਹਾਈ ਨੂੰ ਲੈ ਕੇ ਇਸ ਵਾਰ ਵੱਡਾ ਫੈਸਲਾ ਲਿਆ ਹੈ। ਇਸ ਸਾਲ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ ਛੁੱਟੀਆਂ ਲਗਭਗ ਦੋ ਮਹੀਨੇ ਦੀ ਥਾਂ 'ਤੇ ਸਿਰਫ 15 ਦਿਨਾਂ ਦੀਆਂ ਹੋਣਗੀਆਂ। ਦਰਅਸਲ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ ਗਰਮੀ ਦੀਆਂ ਛੁੱਟੀਆਂ ਆਮ ਤੌਰ 'ਤੇ 10 ਮਈ ਨੂੰ ਹੋ ਜਾਂਦੀਆਂ ਹਨ ਪਰ ਇਸ ਵਾਰ ਅਜਿਹਾ ਨਹੀਂ ਹੋ ਰਿਹਾ ਹੈ। ਤੀਜੀ ਤੋਂ 12ਵੀਂ ਜਮਾਤ ਤੱਕ ਹੁਣ ਛੁੱਟੀਆਂ ਸਿਰਫ 15 ਦਿਨਾਂ ਦੀਆਂ ਹੋਣਗੀਆਂ। ਸਕੂਲ ਸਿਰਫ 15 ਜੂਨ ਤੋਂ 30 ਜੂਨ ਤੱਕ ਬੰਦ ਰਹਿਣਗੇ। ਕੇਜਰੀਵਾਲ ਸਰਕਾਰ ਦਾ ਕਹਿਣਾ ਹੈ ਕਿ ਪਿਛਲੇ ਦੋ ਸਾਲਾਂ ਵਿੱਚ ਕੋਰੋਨਾ ਲੌਕਡਾਊਨ ਕਰਕੇ ਪੜ੍ਹਾਈ ਦਾ ਕਾਫੀ ਨੁਕਸਾਨ ਹੋਇਆ ਹੈ ਜਿਸ ਕਰਕੇ ਵਿਦਿਆਰਥੀਆਂ ਵਿੱਚ ਲਰਨਿੰਗ ਗੈਪ ਹੋ ਗਈ ਹੈ। ਇਸੇ ਫਰਕ ਨੂੰ ਘੱਟ ਕਰਨ ਲਈ 35 ਦਿਨਾਂ ਦੀਆਂ ਵਾਧੂ ਕਲਾਸਾਂ ਸਰਕਾਰੀ ਸਕੂਲਾਂ ਵਿੱਚ ਲਗਾਈਆਂ ਜਾ ਰਹੀਆਂ ਹਨ। ਹਾਲਾਂਕਿ ਪ੍ਰਾਈਵੇਟ ਸਕੂਲ ਛੁੱਟੀਆਂ ਨੂੰ ਲੈ ਕੇ ਖੁਦ ਆਪਣਾ ਫੈਸਲਾ ਕਰਨਗੇ। ਨਰਸਰੀ ਤੋਂ ਲੈ ਕੇ ਦੂਜੀ ਕਲਾਸ ਤੱਕ ਦੇ ਵਿਦਿਆਰਥੀਆਂ ਨੂੰ ਹੀ ਪੂਰੀਆਂ ਗਰਮੀਆਂ ਦੀਆਂ ਛੁੱਟੀਆਂ ਮਿਲ ਸਕਣਗੀਆਂ। ਤੀਜੀ ਤੋਂ ਲੈ ਕੇ ਨੌਵੀਂ ਤੱਕ ਦੇ ਬੱਚਿਆਂ ਨੂੰ ਅੱਗੇ ਲਈ ਤਿਆਰ ਕਰਨ ਲਈ ਕਲਾਸਾਂ ਲਾਈਆਂ ਜਾਣਗੀਆਂ। ਦੂਜੇ ਪਾਸੇ 10ਵੀਂ ਤੋਂ ਲੈ ਕੇ 12ਵੀਂ ਕਲਾਸ ਲਈ ਬੋਰਡ ਦੇ ਪੇਪਰਾਂ ਕਰਕੇ ਪਹਿਲਾਂ ਵੀ ਤਿਆਰੀ ਲਈ ਕਲਾਸਾਂ ਗਰਮੀ ਦੀਆਂ ਛੁੱਟੀਆਂ ਵਿੱਚ ਹੁੰਦੀਆਂ ਰਹੀਆਂ ਹਨ ਜੋ ਇਸ ਵਾਰ ਵੀ ਹੋਣਗੀਆਂ।

ਦਿੱਲੀ ਦੇ ਸਿੱਖਿਆ ਮੰਤਰੀ ਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਪਿਛਲੇ ਮਹੀਨੇ ਹੀ ਇਸ ਬਾਰੇ ਦੱਸ ਦਿੱਤਾ ਸੀ ਕਿ ਸਰਕਾਰ ਇਸ ਵਾਰ ਗਰਮੀ ਦੀਆਂ ਛੁੱਟੀਆਂ ਵਿੱਚ ਵੀ ਪੜ੍ਹਾਈ ਜਾਰੀ ਰੱਖੇਗੀ। ਉਨ੍ਹਾਂ ਮਾਪਿਆਂ ਨੂੰ ਅਪੀਲ ਵੀ ਕੀਤੀ ਸੀ ਕਿ ਉਹ ਕਿਤੇ ਬਾਹਰ ਜਾਣ ਦਾ ਲੰਮਾ ਪਲਾਨ ਤਿਆਰ ਨਾ ਕਰਨ ਤਾਂਕਿ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਵਿੱਚ ਜਿਹੜਾ ਗੈਪ ਪੈ ਚੁੱਕਾ ਹੈ, ਉਸ ਨੂੰ ਘੱਟ ਕੀਤਾ ਜਾ ਸਕੇ।

ਸਫਾ ਇਕ ਦੀ ਬਾਕੀ

## ਬੁੱਧ ਪੂਰਨਿਮਾ ਮੌਕੇ ਨੇਪਾਲ ਦੇ ਲੁੰਬਿਨੀ ਜਾਣਗੇ ਮੋਦੀ

ਬਿਆਨ ਅਨੁਸਾਰ, ਪ੍ਰਧਾਨ ਮੰਤਰੀ ਲੁੰਬਿਨੀ 'ਚ ਮਾਇਆਦੇਵੀ ਮੰਦਰ 'ਚ ਪੂਜਾ ਕਰਨਗੇ। ਉਨ੍ਹਾਂ ਦਾ ਨੇਪਾਲ ਸਰਕਾਰ ਦੇ ਅਧੀਨ ਆਉਣ ਵਾਲੇ ਲੁੰਬਿਨੀ ਵਿਕਾਸ ਟਰੱਸਟ ਵਲੋਂ ਬੁੱਧ ਜਯੰਤੀ ਮੌਕੇ ਆਯੋਜਿਤ ਇਕ ਸਮਾਗਮ ਨੂੰ ਸੰਬੋਧਨ ਕਰਨ ਦਾ ਵੀ ਪ੍ਰੋਗਰਾਮ ਹੈ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਉੱਥੇ ਪ੍ਰਸਤਾਵਿਤ ਬੋਧ ਸੰਸਕ੍ਰਿਤੀ ਅਤੇ ਧਰੋਹਰ ਕੇਂਦਰ ਦੇ ਨੀਂਹ ਪੱਥਰ ਸਮਾਰੋਹ 'ਚ ਵੀ ਹਿੱਸਾ ਲੈਣਗੇ। ਮੰਤਰਾਲਾ ਅਨੁਸਾਰ, ਦੋਵੇਂ ਪ੍ਰਧਾਨ ਮੰਤਰੀਆਂ ਦਰਮਿਆਨ ਦੋ-ਪੱਖੀ ਬੈਠਕ ਵੀ ਹੋਵੇਗੀ।

## ਜਿਥੇ ਨਸ਼ਾ ਵਿਕਿਆ, ਉਥੋਂ ਦਾ ਐਸ.ਐਚ.ਓ.

ਕਿਉਂਕਿ ਇਹ ਪ੍ਰਕਿਰਿਆ ਭੋਲੇ-ਭਾਲੇ ਲੋਕਾਂ ਨੂੰ ਛੇਤੀ ਪੈਸਾ ਕਮਾਉਣ ਲਈ ਆਕਰਸ਼ਿਤ ਕਰਦੀ ਹੈ। ਹਾਲਾਂਕਿ, ਉਨ੍ਹਾਂ ਕਿਹਾ ਕਿ ਜਬਤ ਕੀਤੀ ਗਈ ਮਾਤਰਾ, ਬਰਾਮਦਗੀ ਵਾਲੀ ਥਾਂ ਅਤੇ ਮੁਲਜ਼ਮਾਂ ਦੇ ਵੇਰਵਿਆਂ ਸਬੰਧੀ ਜਾਣਕਾਰੀ ਜਨਤਕ ਕੀਤੀ ਜਾ ਸਕਦੀ ਹੈ।

ਭਗਵੰਤ ਮਾਨ ਨੇ ਸਿਹਤ ਅਤੇ ਪੁਲਿਸ ਵਿਭਾਗਾਂ ਨੂੰ ਮਾਮੂਲੀ ਅਪਰਾਧੀਆਂ ਪ੍ਰਤੀ ਸੁਧਾਰਵਾਦੀ ਪਹੁੰਚ ਅਪਣਾਉਣ ਉਤੇ ਧਿਆਨ ਕੇਂਦਰਿਤ ਕਰਨ ਲਈ ਨੇੜਿਓਂ ਤਾਲਮੇਲ ਨਾਲ ਕੰਮ ਕਰਨ ਲਈ ਕਿਹਾ। ਉਨ੍ਹਾਂ ਦੱਸਿਆ ਕਿ ਨਸ਼ੇ ਵਿੱਚ ਗ੍ਰਸਤ ਲੋਕਾਂ ਨੂੰ ਉਨ੍ਹਾਂ ਦੀ ਰਿਹਾਇਸ਼ ਤੋਂ 5 ਤੋਂ 6 ਕਿਲੋਮੀਟਰ ਦੇ ਦਾਇਰੇ ਵਿੱਚ ਇਲਾਜ ਲਈ ਸੁਖਾਲੀ ਪਹੁੰਚ ਪ੍ਰਾਪਤ ਕਰਨ ਲਈ ਓ.ਓ.ਏ.ਟੀ. ਕਲੀਨਿਕਾਂ ਦੀ ਗਿਣਤੀ ਮੌਜੂਦਾ 208 ਤੋਂ ਵਧਾ ਕੇ ਤੁਰੰਤ 500 ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਨਸ਼ੇ ਦੀ ਅਲਾਮਤ ਨੂੰ ਤਿਆਗ ਚੁੱਕੇ ਨੌਜਵਾਨਾਂ ਦੀਆਂ ਸੇਵਾਵਾਂ ਲੈਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ, ਜਿਸ ਤਹਿਤ ਉਹ ਨਸ਼ੇ ਦੇ ਆਦੀ ਲੋਕਾਂ ਨਾਲ ਨਸ਼ੇ ਛੱਡਣ ਦੇ ਬਾਅਦ ਆਪਣੇ ਜੀਵਨ ਦੇ ਤਜਰਬਿਆਂ ਨੂੰ ਸਾਂਝਾ ਕਰਨਗੇ ਜੋ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਮਦਦਗਾਰ ਸਾਬਤ ਹੋਵੇਗਾ। ਉਨ੍ਹਾਂ ਡੀ.ਜੀ.ਪੀ. ਨੂੰ ਜਾਂਚ ਪ੍ਰਣਾਲੀ ਵੀ ਮਜ਼ਬੂਤ ਕਰਨ ਲਈ ਕਿਹਾ ਤਾਂ ਜੋ ਡਰੱਗ ਮਾਫੀਆ ਵਿਚ ਸ਼ਾਮਲ ਦੋਸ਼ੀਆਂ ਨੂੰ ਜਲਦ ਤੋਂ ਜਲਦ ਮਿਸਾਲੀ ਸਜ਼ਾ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਕਦਮ ਹੋਰਨਾਂ ਨੂੰ ਭਵਿੱਖ ਵਿੱਚ ਨਸ਼ਿਆਂ ਦੀ ਵਿਕਰੀ ਵਿੱਚ ਸ਼ਾਮਲ ਹੋਣ ਤੋਂ ਰੋਕਣ ਵਿੱਚ ਸਹਾਈ ਹੋਵੇਗਾ। ਮੁੱਖ ਮੰਤਰੀ ਨੇ ਡੀ.ਜੀ.ਪੀ. ਨੂੰ ਡਰੱਗ ਮਾਫੀਆ ਵਿੱਚ ਸ਼ਾਮਲ ਲੋਕਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਲਈ ਵੀ ਕਿਹਾ। ਇਸ ਸਬੰਧੀ ਹੁਣ ਤੱਕ ਹੋਈ ਪ੍ਰਗਤੀ 'ਤੇ ਚਿੰਤਾ ਜ਼ਾਹਰ ਕਰਦਿਆਂ ਭਗਵੰਤ ਮਾਨ ਨੇ ਡੀ.ਜੀ.ਪੀ. ਨੂੰ ਹਰੇਕ ਮਹੀਨੇ ਜਬਤ ਕੀਤੀਆਂ ਜਾਇਦਾਦਾਂ ਦੀ ਪ੍ਰਗਤੀ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਅਤੇ ਉਸ ਅਨੁਸਾਰ ਉਨ੍ਹਾਂ ਨੂੰ ਜਾਣੂੰ ਕਰਵਾਉਣ ਲਈ ਕਿਹਾ।

ਨਸ਼ਿਆਂ ਦੀ ਰੋਕਥਾਮ ਦੇ ਕਦਮਾਂ ਵਜੋਂ ਭਗਵੰਤ ਮਾਨ ਨੇ ਡਿਪਟੀ ਕਮਿਸ਼ਨਰਾਂ/ਜ਼ਿਲ੍ਹਾ ਪੁਲਿਸ ਮੁਖੀਆਂ ਤੋਂ ਇਲਾਵਾ ਐਸ.ਡੀ.ਐਮਜ਼ ਤੇ ਡੀ.ਐਸ.ਪੀਜ਼. ਵੱਲੋਂ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਖਾਸ ਕਰਕੇ ਵੱਧ ਪ੍ਰਭਾਵਿਤ ਪਿੰਡਾਂ ਦੇ ਨਿਰੰਤਰ ਦੌਰੇ ਕੀਤੇ ਜਾਣ ਦੀ ਲੋੜ 'ਤੇ ਜੋਰ ਦਿੱਤਾ। ਇਸੇ ਤਰ੍ਹਾਂ ਪਿੰਡਾਂ ਤੇ ਵਾਰਡਾਂ ਵਿੱਚ ਖੇਡਾਂ ਦੇ ਬੁਨਿਆਦੀ ਢਾਂਚੇ ਦੀ ਕਾਇਆ ਕਲਪ ਕਰਨ ਦੇ ਨਾਲ-ਨਾਲ ਖੇਡ ਗਤੀਵਿਧੀਆਂ, ਟੂਰਨਾਮੈਂਟਾਂ ਅਤੇ ਯੁਵਕ ਮੇਲੇ ਕਰਵਾਉਣ ਲਈ ਉਪਰਾਲੇ ਤੇਜ ਕਰਨ ਲਈ ਵਿਸੇਸ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਨੌਜਵਾਨਾਂ ਦੀ ਊਰਜਾ ਨੂੰ ਉਸਾਰੂ ਪਾਸੇ ਲਾਇਆ ਜਾ ਸਕੇ ਤਾਂ ਜੋ ਉਹ ਨਸ਼ਿਆਂ ਤੋਂ ਦੂਰ ਰਹਿ ਸਕਣ। ਲੋਕਾਂ ਵਿੱਚ ਭਰੋਸੇ ਦੀ ਭਾਵਨਾ ਪੈਦਾ ਕਰਨ ਲਈ ਹਰੇਕ ਜ਼ਿਲ੍ਹੇ ਵਿਚ ਨਸਾ ਮੁਕਤ ਪਿੰਡ ਐਲਾਨਿਆ ਜਾਣਾ ਚਾਹੀਦਾ ਹੈ। ਪੰਜਾਬੀ ਗਾਇਕਾਂ ਵੱਲੋਂ ਫੈਲਾਏ ਜਾ ਰਹੇ ਬੰਦੂਕ ਸੱਭਿਆਚਾਰ ਅਤੇ ਗੈਂਗਸਟਰਵਾਦ ਦੇ ਰੁਝਾਨ ਦੀ ਨਿਖੇਧੀ ਕਰਦਿਆਂ ਭਗਵੰਤ ਮਾਨ ਨੇ ਉਨ੍ਹਾਂ ਨੂੰ ਆਪਣੇ ਗੀਤਾਂ ਰਾਹੀਂ ਸਮਾਜ ਵਿੱਚ ਹਿੰਸਾ, ਨਫਰਤ ਅਤੇ ਦੁਸਮਣੀ ਨੂੰ ਭੜਕਾਉਣ ਤੋਂ ਗੁਰੇਜ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਗਾਇਕਾਂ ਨੂੰ ਸੱਦਾ ਦਿੱਤਾ ਕਿ ਉਹ ਅਜਿਹੇ ਗੀਤਾਂ ਰਾਹੀਂ ਸਮਾਜ ਵਿਰੋਧੀ ਗਤੀਵਿਧੀਆਂ ਨੂੰ ਤੂਲ ਦੇਣ ਦੀ ਬਜਾਏ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀਆਂ ਕਦਰਾਂ-ਕੀਮਤਾਂ 'ਤੇ ਚੱਲਦਿਆਂ ਭਾਈਚਾਰਕ ਸਾਂਝ, ਸਾਂਤੀ ਅਤੇ ਸਦਭਾਵਨਾ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਲਈ ਯੋਗਦਾਨ ਪਾਉਣ।

ਭਗਵੰਤ ਮਾਨ ਨੇ ਇਨ੍ਹਾਂ ਗਾਇਕਾਂ ਨੂੰ ਕਿਹਾ ਕਿ ਉਹ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਉਸਾਰੂ ਭੂਮਿਕਾ ਨਿਭਾਉਣ ਜਿਸ ਬਾਰੇ ਇਸ ਨੂੰ ਵਿਸਵ ਭਰ ਵਿੱਚ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸਾਡਾ ਫਰਜ ਬਣਦਾ ਹੈ ਕਿ ਅਜਿਹੇ ਗਾਇਕਾਂ ਨੂੰ ਆਪਣੇ ਗੀਤਾਂ ਰਾਹੀਂ ਹਿੰਸਾ ਫੈਲਾਉਣ ਦੀ ਇਜਾਜਤ ਨਾ ਦਿੱਤੀ ਜਾਵੇ ਜੋ ਅਕਸਰ ਨੌਜਵਾਨਾਂ ਖਾਸ ਕਰਕੇ ਛੇਤੀ ਪ੍ਰਭਾਵਿਤ ਹੋਣ ਵਾਲੇ ਬੱਚਿਆਂ ਨੂੰ ਵਿਗਾੜਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਪਹਿਲਾਂ ਤਾਂ ਉਨ੍ਹਾਂ ਨੂੰ ਅਜਿਹੇ ਰੁਝਾਨ ਨੂੰ ਅੱਗੇ ਨਾ ਵਧਾਉਣ ਦੀ ਅਪੀਲ ਕਰਦੇ ਹਾਂ, ਨਹੀਂ ਤਾਂ ਸਰਕਾਰ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕਰੇਗੀ। ਇਸ ਉਪਰੰਤ ਮੁੱਖ ਮੰਤਰੀ ਨੇ ਡਿਪਟੀ ਕਮਿਸਨਰਾਂ ਨੂੰ ਝੋਨੇ ਦੀ ਸਿੱਧੀ ਬਿਜਾਈ (ਡੀ.ਐਸ.ਆਰ.) ਦੀ ਤਕਨੀਕ ਨੂੰ ਉਤਸਾਹਿਤ ਕਰਨ ਲਈ ਵਿਆਪਕ ਪੱਧਰ 'ਤੇ ਜਾਗਰੂਕਤਾ ਮੁਹਿੰਮ ਸੁਰੂ ਕਰਨ ਲਈ ਕਿਹਾ ਤਾਂ ਜੋ ਧਰਤੀ ਹੇਠਲੇ ਪਾਣੀ ਦੇ ਤੇਜੀ ਨਾਲ ਡਿੱਗਦੇ ਪੱਧਰ ਨੂੰ ਬਚਾਇਆ ਜਾ ਸਕੇ ਅਤੇ ਇਸ ਤੋਂ ਇਲਾਵਾ ਕਿਸਾਨਾਂ ਨੂੰ ਗਰਮੀ ਰੁੱਤ ਦੀ ਮੂੰਗੀ ਅਤੇ ਬਾਸਮਤੀ ਦੀ ਬਿਜਾਈ ਕਰਨ ਲਈ ਉਤਸਾਹਿਤ ਕੀਤਾ ਜਾਵੇ ਜਿਸ ਨਾਲ ਫਸਲੀ ਵਿਭਿੰਨਤਾ ਨੂੰ ਹੁਲਾਰਾ ਮਿਲੇਗਾ। ਸੂਬੇ ਭਰ ਦੇ ਲੋਕਾਂ ਨੂੰ ਨਿਰਵਿਘਨ ਅਤੇ ਪਾਰਦਰਸ਼ੀ ਸਾਸ਼ਨ ਯਕੀਨੀ ਬਣਾਉਣ ਲਈ ਆਪਣੀ ਸਰਕਾਰ ਦੀ ਨਿਵੇਕਲੀ ਪਹਿਲਕਦਮੀ ਨੂੰ ਸਾਂਝਾ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਦਫਤਰ ਦੇ ਵਿਸ਼ਵਾਸ ਪਾਤਰ ਵਲੋਂ ਹਰ ਵਿਧਾਨ ਸਭਾ ਹਲਕੇ ਵਿੱਚ ਜਲਦ ਹੀ ਇੱਕ ਸਮਰਪਿਤ ਦਫਤਰ ਸਥਾਪਿਤ ਕੀਤਾ ਜਾਵੇਗਾ ਤਾਂ ਜੋ ਲੋਕਾਂ ਦੇ ਉਨ੍ਹਾਂ ਕੰਮਾਂ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾ ਸਕੇ ਜਿਹਨਾਂ ਨੂੰ ਤੁਰੰਤ ਅੰਤਰ-ਵਿਭਾਗੀ ਦਖ਼ਲ ਦੀ ਜ਼ਰੂਰਤ ਹੁੰਦੀ ਹੈ। ਇਹ 'ਤੁਹਾਡੀ ਸਰਕਾਰ ਤੁਹਾਡੇ ਦੁਆਰ' ਪ੍ਰੋਗਰਾਮ ਲੋਕਾਂ ਨੂੰ ਉਨ੍ਹਾਂ ਦੇ ਉਲਝੇ ਹੋਏ ਕਈ ਮੁੱਦਿਆਂ ਨੂੰ ਉਨ੍ਹਾਂ ਦੀ ਸੰਤੁਸ਼ਟੀ ਮੁਤਾਬਕ ਤੁਰੰਤ ਹੱਲ ਕਰਨ ਵਿੱਚ ਮਦਦ ਕਰੇਗਾ। ਮੀਟਿੰਗ ਵਿੱਚ ਮੁੱਖ ਸਕੱਤਰ ਅਨਿਰੁਧ ਤਿਵਾੜੀ, ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਏ. ਵੇਣੂ ਪ੍ਰਸਾਦ, ਵਧੀਕ ਮੁੱਖ ਸਕੱਤਰ ਖੇਤੀਬਾੜੀ ਸਰਵਜੀਤ ਸਿੰਘ, ਪ੍ਰਮੁੱਖ ਸਕੱਤਰ ਗ੍ਰਹਿ ਅਨੁਰਾਗ ਵਰਮਾ, ਪ੍ਰਮੁੱਖ ਸਕੱਤਰ ਬਿਜਲੀ ਤੇਜਵੀਰ ਸਿੰਘ, ਡੀ.ਜੀ.ਪੀ. ਵੀ.ਕੇ. ਭਾਵਰਾ, ਸਕੱਤਰ ਸਿਹਤ ਤੇ ਪਰਿਵਾਰ ਭਲਾਈ ਅਜੋਏ ਸ਼ਰਮਾ, ਨਸ਼ਿਆਂ ਬਾਰੇ ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਹਰਪ੍ਰੀਤ ਸਿੱਧੂ ਅਤੇ ਪੀ.ਐਸ.ਪੀ.ਸੀ.ਐਲ. ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਬਲਦੇਵ ਸਿੰਘ ਸਰਾਂ ਹਾਜ਼ਰ ਸਨ।

## ਮਾਨ ਵੱਲੋਂ ਪੰਜਾਬੀ ਗਾਇਕਾਂ ਨੂੰ ਭੜਕਾਊ ਗੀਤਾਂ ਤੋਂ ਗੁਰੇਜ਼ ਕਰਨ ਦੀ ਅਪੀਲ

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀਆਂ ਕਦਰਾਂ-ਕੀਮਤਾਂ 'ਤੇ ਚੱਲਦਿਆਂ ਭਾਈਚਾਰਕ ਸਾਂਝ, ਸ਼ਾਂਤੀ ਅਤੇ ਸਦਭਾਵਨਾ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਲਈ ਯੋਗਦਾਨ ਪਾਉਣ। ਭਗਵੰਤ ਮਾਨ ਨੇ ਇਨ੍ਹਾਂ ਗਾਇਕਾਂ ਨੂੰ ਕਿਹਾ ਕਿ ਉਹ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਉਸਾਰੂ ਭੂਮਿਕਾ ਨਿਭਾਉਣ ਜਿਸ ਬਾਰੇ ਇਸ ਨੂੰ ਵਿਸ਼ਵ ਭਰ ਵਿੱਚ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸਾਡਾ ਫਰਜ਼ ਬਣਦਾ ਹੈ ਕਿ ਅਜਿਹੇ ਗਾਇਕਾਂ ਨੂੰ ਆਪਣੇ ਗੀਤਾਂ ਰਾਹੀਂ ਹਿੰਸਾ ਫੈਲਾਉਣ ਦੀ ਇਜ਼ਾਜਤ ਨਾ ਦਿੱਤੀ ਜਾਵੇ ਜੋ ਅਕਸਰ ਨੌਜਵਾਨਾਂ ਖਾਸ ਕਰਕੇ ਛੇਤੀ ਪ੍ਰਭਾਵਿਤ ਹੋਣ ਵਾਲੇ ਬੱਚਿਆਂ ਨੂੰ ਵਿਗਾੜਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਪਹਿਲਾਂ ਤਾਂ ਉਨ੍ਹਾਂ ਨੂੰ ਅਜਿਹੇ ਰੁਝਾਨ ਨੂੰ ਅੱਗੇ ਨਾ ਵਧਾਉਣ ਦੀ ਅਪੀਲ ਕਰਦੇ ਹਾਂ, ਨਹੀਂ ਤਾਂ ਸਰਕਾਰ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰੇਗੀ।

## ਰਾਜੀਵ ਕੁਮਾਰ ਬਣੇ ਮੁੱਖ ਚੋਣ ਕਮਿਸ਼ਨਰ, 15 ਮਈ ਨੂੰ ਸੰਭਾਲਣਗੇ

ਚੋਣ ਕਮਿਸ਼ਨ ਅਨੁਸਾਰ, 19 ਫਰਵਰੀ 1960 ਨੂੰ ਜਨਮੇ ਅਤੇ ਬੀ.ਐੱਸ.ਸੀ., ਐੱਲ.ਐੱਲ.ਬੀ., ਪੀ.ਜੀ.ਡੀ.ਐੱਮ. ਅਤੇ ਐੱਮ.ਏ. ਪਬਲਿਕ ਪਾਲਿਸੀ 'ਚ ਡਿਗਰੀ ਲੈਣ ਵਾਲੇ ਸ਼੍ਰੀ ਕੁਮਾਰ ਨੇ 36 ਸਾਲਾਂ ਤੱਕ ਸਮਾਜਿਕ ਖੇਤਰ, ਵਾਤਾਵਰਣ ਅਤੇ ਜੰਗਲਾਤ, ਮਨੁੱਖੀ ਸਰੋਤ, ਵਿੱਤ ਅਤੇ ਬੈਂਕਿੰਗ ਖੇਤਰ 'ਚ ਕੇਂਦਰ ਅਤੇ ਰਾਜ ਦੇ ਵੱਖ-ਵੱਖ ਮੰਤਰਾਲਿਆਂ 'ਚ ਕੰਮ ਕੀਤਾ ਹੈ।

## ਐਲ.ਆਈ.ਸੀ. ਦੇ ਆਈ.ਪੀ.ਓ. 'ਤੇ ਰੋਕ ਲਗਾਉਣ ਤੋਂ ਸੁਪਰੀਮ

ਇਹ ਜਨਤਾ ਦਾ ਪੈਸਾ ਹੈ ਜਿਸ ਨੂੰ ਹੁਣ ਐਲਆਈਸੀ ਦੇ ਪੈਸੇ ਵਿੱਚ ਬਦਲਿਆ ਜਾ ਰਿਹਾ ਹੈ। ਹੁਣਐਲਆਈਸੀ ਦੇ ਪਾਲਿਸੀ ਧਾਰਕਾਂ ਦਾ ਪੈਸਾ ਸ਼ੇਅਰਧਾਰਕਾਂ ਨੂੰ ਦਿੱਤਾ ਜਾਵੇਗਾ। ਸੁਪਰੀਮ ਕੋਰਟ ਨੇ ਦੇਖਿਆ ਕਿ 73 ਲੱਖ ਬਿਨੈਕਾਰਾਂ ਨੇ ਐਲਆਈਸੀ ਆਈਪੀਓ ਦੀ ਗਾਹਕੀ ਲਈ ਹੈ ਜਿਸ ਤੋਂ ਸਰਕਾਰ ਨੂੰ ਲਗਭਗ 22,500 ਕਰੋੜ ਰੁਪਏ ਮਿਲਣ ਦੀ ਉਮੀਦ ਹੈ। ਦੱਸ ਦੇਈਏ ਕਿ ਐਲਆਈਸੀ ਦੇ ਪਾਲਿਸੀਧਾਰਕ ਪੋਨਮਲ ਨੇ ਮਦਰਾਸ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਕਿਹਾ ਸੀ ਕਿ ਐਲਆਈਸੀ ਵਿੱਚ ਸਰਕਾਰੀ ਹਿੱਸੇਦਾਰੀ ਦੀ ਵਿਕਰੀ ਲਈ ਐਕਟ ਵਿੱਚ ਸੋਧ ਕਰਨ ਲਈ ਮਨੀ ਬਿੱਲ ਦਾ ਤਰੀਕਾ ਅਪਣਾਇਆ ਗਿਆ ਹੈ। ਉਨ੍ਹਾਂ ਕਿਹਾ ਸੀ ਕਿ ਸੰਵਿਧਾਨ ਦੀ ਧਾਰਾ 110 ਤਹਿਤ ਮਨੀ ਬਿੱਲ ਲਿਆ ਕੇ ਨਿਯਮਾਂ ਨੂੰ ਬਦਲਿਆ ਗਿਆ ਹੈ, ਹਾਲਾਂਕਿ ਇਹ ਖੁਦ ਮਨੀ ਬਿੱਲ ਦੀ ਪਰਿਭਾਸ਼ਾ ਵਿੱਚ ਨਹੀਂ ਆਉਂਦਾ।ਹਾਲਾਂਕਿ, ਮਾਰਚ ਵਿੱਚ, ਮਦਰਾਸ ਹਾਈ ਕੋਰਟ ਨੇ ਜਨਤਕ ਬੀਮਾ ਕੰਪਨੀ ਲਾਈਫ ਇੰਸ਼ੋਰੈਂਸ ਕਾਰਪੋਰੇਸ਼ਨ ਆਫ ਇੰਡੀਆ ਵਿੱਚ ਸਰਕਾਰ ਦੀ ਹਿੱਸੇਦਾਰੀ ਵੇਚਣ ਲਈ ਵਿੱਤ ਬਿੱਲ ਅਤੇ ਐਲਆਈਸੀ ਐਕਟ ਵਿੱਚ ਕੀਤੇ ਗਏ ਬਦਲਾਅ ਨੂੰ ਚੁਣੌਤੀ ਦੇਣ ਵਾਲੀ ਇੱਕ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ।ਐੱਲਆਈਸੀ ਆਈਪੀਓ ਸ਼ੇਅਰ ਦੀ ਅਲਾਟਮੈਂਟ ਅੱਜ ਹੋਣ ਦੀ ਸੰਭਾਵਨਾ ਹੈ। ਐੱਲਆਈਸੀ ਦੇ ਸ਼ੇਅਰਾਂ ਦੀ ਲਿਸਟਿੰਗ 17 ਮਈ ਨੂੰ ਹੋ ਸਕਦੀ ਹੈ।ਐੱਲਆਈਸੀ ਦੇਆਈਪੀਓ ਦੇ ਤਹਿਤ 16,20,78,067 ਸ਼ੇਅਰਾਂ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਬੋਲੀ 2.95 ਗੁਣਾ ਕੀਤੀ ਗਈ ਸੀ।ਕਿਊ.ਆਈ.ਬੀ. ਸ਼੍ਰੇਣੀ ਵਿੱਚ ਸ਼ੇਅਰ 2.83 ਵਾਰ ਸਬਸਕ੍ਰਾਈਬ ਕੀਤੇ ਗਏ ਸਨ. ਇਸ ਸ਼੍ਰੇਣੀ ਲਈ ਰਾਖਵੇਂ 3.95 ਕਰੋੜ ਸ਼ੇਅਰਾਂ ਲਈ 11.20 ਕਰੋੜ ਦੀ ਬੋਲੀ ਲਗਾਈ ਗਈ ਸੀ। ਗੈਰ-ਸੰਸਥਾਗਤ ਨਿਵੇਸ਼ਕ ਸ਼੍ਰੇਣੀ ਦੇ ਤਹਿਤ 2,96,48,427 ਸ਼ੇਅਰਾਂ ਦੀ ਪੇਸ਼ਕਸ਼ ਕੀਤੀ ਗਈ ਸੀ ਜਿਸ ਲਈ 8,61,93,060 ਬੋਲੀ ਲਗਾਈ ਗਈ ਸੀ। ਇਸ ਤਰ੍ਹਾਂ ਐਨ.ਆਈ.ਆਈ. ਹਿੱਸੇ ਨੂੰ 2.91 ਵਾਰ ਸਬਸਕ੍ਰਾਈਬ ਕੀਤਾ ਗਿਆ ਹੈ।

## 15 ਸੂਬਿਆਂ ਦੀਆਂ 57 ਰਾਜ ਸਭਾ ਸੀਟਾਂ 'ਤੇ ਚੋਣਾਂ

ਮੈਂਬਰਾਂ ਦਾ ਕਾਰਜਕਾਲ ਖ਼ਤਮ ਹੋ ਰਿਹਾ ਹੈ, ਉਨ੍ਹਾਂ 'ਚ 5 ਬਿਹਾਰ ਤੋਂ, ਚਾਰ-ਚਾਰ ਆਂਧਰਾ ਪ੍ਰਦੇਸ਼, ਰਾਜਸਥਾਨ ਅਤੇ ਕਰਨਾਟਕ ਤੋਂ ਹਨ। ਤਿੰਨ-ਤਿੰਨ ਮੈਂਬਰ ਮੱਧ ਪ੍ਰਦੇਸ਼ ਅਤੇ ਓਡੀਸ਼ਾ ਤੋਂ ਹਨ। ਸੇਵਾਮੁਕਤ ਹੋ ਰਹੇ ਮੈਂਬਰਾਂ 'ਚ 2-2 ਮੈਂਬਰ ਤੇਲੰਗਾਨਾ, ਛੱਤੀਸਗੜ੍ਹ, ਪੰਜਾਬ, ਝਾਰਖੰਡ ਅਤੇ ਹਰਿਆਣਾ ਤੋਂ ਹਨ, ਜਦੋਂ ਕਿ ਇਕ ਮੈਂਬਰ ਉਤਰਾਖੰਡ ਤੋਂ ਹੈ। ਇਨ੍ਹਾਂ ਚੋਣਾਂ ਦੀ ਨੋਟੀਫਿਕੇਸ਼ਨ 24 ਮਈ ਨੂੰ ਜਾਰੀ ਹੋਵੇਗੀ, ਜਦੋਂ ਕਿ ਵੋਟਿੰਗ 10 ਜੂਨ ਨੂੰ ਹੋਵੇਗੀ।

## ਚੋਣ ਕਮਿਸ਼ਨ ਵੱਲੋਂ ਪੰਜਾਬ ਲਈ ਰਾਜ ਸਭਾ ਦੀਆਂ

ਦੱਸਿਆ ਕਿ ਸ਼ਡਿਊਲ ਅਨੁਸਾਰ ਨੋਟੀਫਿਕੇਸ਼ਨ ਜਾਰੀ ਕਰਨ ਦੀ ਮਿਤੀ 24 ਮਈ, 2022 ਹੈ ਅਤੇ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 31 ਮਈ, 2022 ਹੈ, ਜਦਕਿ ਨਾਮਜ਼ਦਗੀਆਂ ਦੀ ਪੜਤਾਲ 1 ਜੂਨ, 2022 ਨੂੰ ਹੋਵੇਗੀ। ਉਮੀਦਵਾਰੀ ਵਾਪਸ ਲੈਣ ਦੀ ਆਖਰੀ ਮਿਤੀ 3 ਜੂਨ, 2022 ਤੈਅ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਵੋਟਾਂ ਪੈਣ ਦੀ ਮਿਤੀ 10 ਜੂਨ, 2022 (ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ) ਨਿਰਧਾਰਿਤ ਕੀਤੀ ਗਈ ਹੈ, ਜਦਕਿ ਗਿਣਤੀ ਵੀ ਉਸੇ ਦਿਨ ਸ਼ਾਮ 5 ਵਜੇ ਹੋਵੇਗੀ। ਉਨ੍ਹਾਂ ਕਿਹਾ ਕਿ ਚੋਣਾਂ 13 ਜੂਨ, 2022 ਤੋਂ ਪਹਿਲਾਂ ਮੁਕੰਮਲ ਕਰ ਲਈਆਂ ਜਾਣਗੀਆਂ।

## ਬਜਟ 'ਚ ਇਸ ਵਾਰ ਨਹੀਂ ਲੱਗੇਗਾ ਕੋਈ ਨਵਾਂ ਟੈਕਸ: ਹਰਪਾਲ ਚੀਮਾ

ਵਿੱਤ ਮੰਤਰੀ ਨੇ ਕਿਹਾ ਕਿ ਪੋਰਟਲ ਅਤੇ ਈਮੇਲਾਂ 'ਤੇ ਮਿਲੇ 20,000 ਤੋਂ ਵੱਧ ਸੁਝਾਵਾਂ 'ਚੋਂ ਦੋ ਤਿਹਾਈ ਸੁਝਾਅ ਨੌਜਵਾਨਾਂ ਤੋਂ ਮਿਲੇ ਹਨ, ਜਿਨ੍ਹਾਂ ਨੇ ਅਤਿ-ਆਧੁਨਿਕ ਅਕਾਦਮਿਕ ਸਹੂਲਤਾਂ ਨਾਲ ਬਿਹਤਰ ਸਿੱਖਿਆ, ਰੁਜ਼ਗਾਰ ਦੇ ਵਧੇਰੇ ਮੌਕੇ, ਈ-ਗਵਰਨੈਂਸ ਪਹਿਲਕਦਮੀਆਂ ਦੀ ਮੰਗ ਉਠਾਈ ਹੈ। ਜਨਤਾ ਬਜਟ ਦੀ ਪ੍ਰਕਿਰਿਆ ਵਿੱਚੋਂ ਸਾਹਮਣੇ ਆਏ ਮੁੱਖ ਮੁੱਦਿਆਂ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨਾ, ਸਿੱਖਿਆ ਅਤੇ ਸਿਹਤ ਦੇ ਬੁਨਿਆਦੀ ਢਾਂਚੇ 'ਤੇ ਵੱਧ ਖਰਚ ਕਰਨਾ, ਸੂਬੇ ਦੇ ਸਰਵਪੱਖੀ ਵਿਕਾਸ ਲਈ ਬਿਜਲੀ ਅਤੇ ਉਦਯੋਗ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨਾ ਸ਼ਾਮਲ ਹੈ। ਵਿੱਤ ਮੰਤਰੀ ਨੇ ਕਿਹਾ ਕਿ ਉਦਯੋਗਪਤੀਆਂ ਤੋਂ 500 ਤੋਂ ਵੱਧ ਲਿਖਤੀ ਮੈਮੋਰੰਡਮ ਵੀ ਪ੍ਰਾਪਤ ਹੋਏ ਹਨ, ਜਿਨ੍ਹਾਂ ਨੇ ਵਪਾਰ ਪੱਖੀ ਮਾਹੌਲ, ਅਤਿ-ਆਧੁਨਿਕ ਬੁਨਿਆਦੀ ਢਾਂਚਾ, ਇੰਸਪੈਕਟਰ ਰਾਜ ਦੇ ਖਾਤਮੇ, ਨਿਯਮਾਂ ਦੇ ਸਰਲੀਕਰਨ ਦੇ ਨਾਲ ਕਾਰੋਬਾਰ ਕਰਨ ਵਿੱਚ ਅਸਾਨੀ ਅਤੇ ਗੈਰ ਕਾਨੂੰਨੀ ਅਭਿਆਸਾਂ ਨੂੰ ਰੋਕਣ ਲਈ ਬਿਹਤਰ ਲਾਗੂਕਰਨ ਦੀ ਮੰਗ ਕੀਤੀ ਹੈ। ਵਿੱਤ ਮੰਤਰੀ ਨੇ ਅੱਗੇ ਕਿਹਾ ਕਿ ਹਰ ਪੰਜ ਵਿੱਚੋਂ ਇੱਕ ਸੁਝਾਅ ਮਹਿਲਾਵਾਂ ਵੱਲੋਂ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਲੜਕੀਆਂ ਲਈ ਬਰਾਬਰ ਮੌਕੇ ਅਤੇ ਬਿਹਤਰ ਸਿਹਤ ਅਤੇ ਸਿੱਖਿਆ ਸਹੂਲਤਾਂ ਦੀ ਮੰਗ ਕੀਤੀ ਹੈ। ਸੁਝਾਵਾਂ ਬਾਰੇ ਸਪੱਸ਼ਟ ਰੂਪ ਵਿੱਚ ਦੱਸਦਿਆਂ ਵਿੱਤ ਮੰਤਰੀ ਨੇ ਦੱਸਿਆ ਕਿ ਕੁੱਲ 20,384 ਸੁਝਾਵਾਂ ਵਿੱਚੋਂ ਜਨਤਾ ਪੋਰਟਲ 'ਤੇ 14,859 ਸੁਝਾਅ ਆਏ ਹਨ ਜਦਕਿ ਈਮੇਲਾਂ 'ਤੇ 5025 ਅਤੇ 500 ਪੱਤਰ ਅਤੇ ਮੈਮੋਰੰਡਮ ਦਸਤੀ ਪ੍ਰਾਪਤ ਹੋਏ ਹਨ। ਜਨਸੰਖਿਆ ਦੇ ਅੰਕੜਿਆਂ ਦਾ ਖੁਲਾਸਾ ਕਰਦਿਆਂ ਉਹਨਾਂ ਕਿਹਾ ਕਿ 72.70 ਫ਼ੀਸਦ ਸੁਝਾਅ ਪੁਰਸ਼ ਵਰਗ ਤੋਂ ਪ੍ਰਾਪਤ ਹੋਏ ਹਨ ਜਿਨ੍ਹਾਂ ਵਿੱਚ ਸਭ ਤੋਂ ਵੱਧ 31 ਤੋਂ 40 ਉਮਰ ਵਰਗ ਤੋਂ (45.42 ਫ਼ੀਸਦ) ਪ੍ਰਾਪਤ ਹੋਏ ਹਨ। ਇਸੇ ਤਰ੍ਹਾਂ ਮਹਿਲਾਵਾਂ ਵੱਲੋਂ 19.89 ਫ਼ੀਸਦ ਸੁਝਾਅ ਦਿੱਤੇ ਗਏ ਹਨ ਜਿਹਨਾਂ ਵਿੱਚੋਂ ਸਭ ਤੋਂ ਵੱਧ 31 ਤੋਂ 40 ਉਮਰ ਸਮੂਹ ਵੱਲੋਂ 48.75 ਫ਼ੀਸਦ ਸੁਝਾਅ ਪ੍ਰਾਪਤ ਹੋਏ ਹਨ। ਸ. ਚੀਮਾ ਨੇ ਕਿਹਾ ਕਿ ਜਨਤਾ ਬਜਟ ਪੋਰਟਲ 'ਤੇ ਪ੍ਰਾਪਤ ਹੋਏ ਸੁਝਾਵਾਂ, ਜਿਨ੍ਹਾਂ 'ਤੇ ਭਵਿੱਖ ਵਿੱਚ ਵਿਚਾਰ ਕੀਤਾ ਜਾ ਸਕਦਾ ਹੈ, ਵਿੱਚ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨਾ, ਮੌਜੂਦਾ 3 ਸਾਲਾਂ ਤੋਂ ਪਰਖ ਕਾਲ ਸਮੇਂ ਨੂੰ ਘਟਾਉਣਾ, ਬਰਾਬਰ ਕੰਮ-ਬਰਾਬਰ ਤਨਖਾਹ, ਬਿਜਲੀ ਅਤੇ ਟਰਾਂਸਪੋਰਟ ਸਬਸਿਡੀਆਂ, ਸਿੱਖਿਆ ਵਿੱਚ ਪਰਿਵਾਰ ਦੀ ਇਕਲੌਤੀ ਲੜਕੀ ਲਈ ਲਾਭ, ਉਚੇਰੀ ਸਿੱਖਿਆ ਲਈ ਬਜਟ ਵਿੱਚ ਵਾਧਾ, ਸੂਚਨਾ ਤਕਨਾਲੋਜੀ ਨਾਲ ਸਬੰਧਤ ਉਦਯੋਗਾਂ ਨੂੰ ਉਤਸ਼ਾਹਿਤ ਕਰਨਾ, ਸਰਹੱਦੀ ਸ਼ਹਿਰਾਂ ਵਿੱਚ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਇਹਨਾਂ ਖੇਤਰਾਂ ਦੇ ਨੇੜੇ ਟੈਕਸ ਮੁਕਤ ਜ਼ੋਨ ਜਾਂ ਵਿਸ਼ੇਸ਼ ਆਰਥਿਕ ਜ਼ੋਨ ਬਣਾਉਣੇ, ਸ਼ਰਾਬ ਨਿਗਮ ਦੀ ਸਥਾਪਨਾ ਅਤੇ ਰੇਤ ਤੇ ਮਾਈਨਿੰਗ ਕਾਰਪੋਰੇਸ਼ਨ ਦਾ ਗਠਨ ਅਤੇ ਪੰਜਾਬ ਦੇ ਵਸਨੀਕਾਂ ਲਈ ਸਾਰੀਆਂ ਨੌਕਰੀਆਂ ਵਿੱਚ ਰਾਖਵਾਂਕਰਨ/ਤਰਜੀਹ ਦੇਣਾ ਸ਼ਾਮਲ ਹੈ। ਵਿੱਤ ਮੰਤਰੀ ਨੇ ਜ਼ਿਲ੍ਹਿਆਂ ਵਿੱਚ ਫੀਲਡ ਮੀਟਿੰਗਾਂ ਦੇ ਵੇਰਵੇ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਆਪਣੇ ਹਫ਼ਤੇ ਭਰ ਦੇ ਦੌਰੇ ਦੌਰਾਨ ਸਾਰੇ 23 ਜ਼ਿਲ੍ਹਿਆਂ ਨੂੰ ਕਵਰ ਕੀਤਾ ਹੈ ਅਤੇ ਸਭ ਤੋਂ ਵੱਧ ਸੁਝਾਅ ਲੁਧਿਆਣਾ (10.61 ਫ਼ੀਸਦ), ਪਟਿਆਲਾ (10.12 ਫ਼ੀਸਦ), ਫਾਜ਼ਿਲਕਾ (8.14 ਫ਼ੀਸਦ), ਬਠਿੰਡਾ (6.03 ਫ਼ੀਸਦ) ਅਤੇ ਅੰਮ੍ਰਿਤਸਰ (5.81 ਫ਼ੀਸਦ) ਤੋਂ ਪ੍ਰਾਪਤ ਹੋਏ ਹਨ। ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਦੁਨੀਆ ਭਰ ਖਾਸ ਤੌਰ 'ਤੇ ਗੁਆਂਢੀ ਰਾਜਾਂ ਹਰਿਆਣਾ, ਦਿੱਲੀ ਅਤੇ ਰਾਜਸਥਾਨ ਵਿੱਚ ਵੱਸਦੇ ਪੰਜਾਬੀਆਂ ਤੋਂ ਵੀ ਵੱਡੀ ਗਿਣਤੀ ਵਿੱਚ ਸੁਝਾਅ ਮਿਲੇ ਹਨ।

## ਪਹਿਲੀ ਵਾਰ ਵਿਧਾਨ ਸਭਾ ਪਹੁੰਚੇ 86 ਵਿਧਾਇਕਾਂ ਦੀ ਲੱਗੇਗੀ ਕਲਾਸ!

ਪੇਪਰਲੈੱਸ ਕਰਨ ਵਾਲੇ ਹਾਂ। ਉਨ੍ਹਾਂ ਕਿਹਾ ਕਿ ਵਿਧਾਇਕਾਂ ਨੂੰ ਟੈਕਨੀਕਲ ਟ੍ਰੇਨਿੰਗ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਾਰਲੀਮੈਂਟਰੀ ਰਿਸਰਚ ਅਤੇ ਟ੍ਰੇਨਿੰਗ ਇੰਸਟੀਚਿਊਟ ਫਾਰ ਡੈਮੋਕਰੇਸੀ (ਪ੍ਰਾਈਡ) ਦੇ ਮਾਹਿਰ ਵਿਧਾਇਕਾਂ ਨੂੰ ਸਿਖਲਾਈ ਦੇਣਗੇ ਤਾਂ ਜੋ ਵਿਧਾਇਕਾਂ ਨੂੰ ਵਿਧਾਨ ਸਭਾ ਦੇ ਕੰਮਕਾਜ ਬਾਰੇ ਚੰਗੀ ਤਰ੍ਹਾਂ ਪਤਾ ਲੱਗ ਸਕੇ।

## ਗੱਡੀ ਦੀ ਟੱਕਰ ਲੱਗਣ ਕਾਰਨ ਮਾਂ-ਪੁੱਤ ਦੀ ਮੌਤ

ਸਵਾਰ ਮਾਂ-ਪੁੱਤ ਨੂੰ ਟੱਕਰ ਮਾਰ ਦਿੱਤੀ। ਹਾਦਸੇ 'ਚ ਜ਼ਖ਼ਮੀ ਮਾਂ-ਪੁੱਤ ਨੂੰ ਮੌਕੇ 'ਤੇ ਮੌਜੂਦ ਲੋਕਾਂ ਨੇ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ, ਜਿਥੇ ਉਨ੍ਹਾਂ ਦੋਵਾਂ ਨੇ ਦਮ ਤੋੜ ਦਿੱਤਾ। ਦੂਜੇ ਪਾਸੇ ਹਾਦਸੇ ਤੋਂ ਬਾਅਦ ਗੱਡੀ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ। ਘਟਨਾ ਦੀ ਸੂਚਨਾ ਮਿਲਣ 'ਤੇ ਪਹੁੰਚੀ ਥਾਣਾ ਸੁਲਤਾਨਗੰਜ ਦੀ ਪੁਲਿਸ ਨੇ ਦੋਵੇਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਲਿਆ ਅਤੇ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ।

## ਦੇਸ਼ 'ਚ 24 ਘੰਟਿਆਂ ਦੌਰਾਨ ਕੋਰੋਨਾ ਦੇ 2827 ਨਵੇਂ ਮਾਮਲੇ, 24 ਮੌਤਾਂ

ਦੇ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ ਘੱਟ ਕੇ 19,067 ਹੋ ਗਈ ਹੈ, ਜੋ ਕਿ ਕੁੱਲ ਮਾਮਲਿਆਂ ਦਾ 0.04 ਪ੍ਰਤੀਸ਼ਤ ਹੈ। ਪਿਛਲੇ 24 ਘੰਟਿਆਂ ਵਿੱਚ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ ਵਿੱਚ 427 ਦੀ ਕਮੀ ਦਰਜ ਕੀਤੀ ਗਈ ਹੈ। ਉੱਥੇ ਹੀ ਮਰੀਜ਼ਾਂ ਦੇ ਠੀਕ ਹੋਣ ਦੀ ਰਾਸ਼ਟਰੀ ਦਰ 98.74 ਪ੍ਰਤੀਸ਼ਤ ਹੈ।ਅੰਕੜਿਆਂ ਅਨੁਸਾਰ ਲਾਗ ਦੀ ਰੋਜ਼ਾਨਾ ਦਰ 0.60 ਪ੍ਰਤੀਸ਼ਤ ਹੈ ਅਤੇ ਹਫ਼ਤਾਵਾਰੀ ਦਰ 0.72 ਪ੍ਰਤੀਸ਼ਤ ਹੈ । ਦੇਸ਼ ਵਿੱਚ ਹੁਣ ਤੱਕ ਕੁੱਲ 4,25,70,165 ਲੋਕ ਸੰਕਰਮਣ ਮੁਕਤ ਹੋ ਚੁੱਕੇ ਹਨ। ਕੋਵਿਡ-19 ਨਾਲ ਮੌਤ ਦਰ 1.22 ਫੀਸਦੀ ਹੈ। ਇਸ ਦੇ ਨਾਲ ਹੀ, ਦੇਸ਼ ਵਿਆਪੀ ਟੀਕਾਕਰਨ ਮੁਹਿੰਮ ਤਹਿਤ ਹੁਣ ਤੱਕ ਕੋਵਿਡ-19 ਵਿਰੋਧੀ ਟੀਕਿਆਂ ਦੀਆਂ 190.83 ਕਰੋੜ ਤੋਂ ਵੱਧ ਖੁਰਾਕਾਂ ਦਿੱਤੀਆਂ ਜਾ ਚੁੱਕੀਆਂ ਹਨ।

## ਰਾਨਿਲ ਵਿਕਰਮਾਸਿੰਘੇ ਬਣੇ ਸ਼੍ਰੀਲੰਕਾ ਦੇ ਨਵੇਂ ਪ੍ਰਧਾਨ

ਕੀਤੀ ਸੀ। ਉਥੇ ਹੀ ਸ਼੍ਰੀਲੰਕਾ ਦੀ ਇਕ ਅਦਾਲਤ ਨੇ ਵੀਰਵਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ, ਉਨ੍ਹਾਂ ਦੇ ਬੇਟੇ ਨਮਲ ਰਾਜਪਕਸ਼ੇ ਤੇ 15 ਹੋਰ ਲੋਕਾਂ ਦੇ ਦੇਸ਼ ਛੱਡਣ 'ਤੇ ਰੋਕ ਲਾ ਦਿੱਤੀ।

## ਸਕੂਲ ਸਿੱਖਿਆ ਬੋਰਡ ਵੱਲੋਂ12ਵੀਂ ਟਰਮ-1

ਇਸ ਦੇ ਨਾਲ ਹੀ ਪੰਜਾਬ ਬੋਰਡ ਦੀ 12ਵੀਂ ਟਰਮ 2 ਦੀ ਪ੍ਰੀਖਿਆ ਦਾ ਸਮਾਂ 22 ਅਪ੍ਰੈਲ ਤੋਂ 23 ਮਈ 2022 ਤੱਕ ਤੈਅ ਕੀਤਾ ਗਿਆ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਇੰਟਰਮੀਡੀਏਟ ਟਰਮ 1 ਦਾ ਨਤੀਜਾ ਡਾਊਨਲੋਡ ਕਰਨ ਤੋਂ ਬਾਅਦ, ਕ੍ਰਾਸਚੈਕ ਕਰਨਾ ਯਕੀਨੀ ਬਣਾਓ।

## ਫ਼ਰਜ਼ੀ ਛਾਪਾ ਮਾਰਨ ਵਾਲੇ ਸੀ.ਬੀ.ਆਈ. ਦੇ ਚਾਰ ਸਬ ਇੰਸਪੈਕਟਰ ਬਰਖ਼ਾਸਤ

ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਏਜੰਸੀ ਦੀ ਨੀਤੀ @ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਹੈ@, ਜਿਸ ਤਹਿਤ ਮੁਲਜ਼ਮ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਪਿਛਲੇ 12 ਦਿਨਾਂ 'ਚ 1008 ਏਕੜ ਪੰਚਾਇਤੀ ਜ਼ਮੀਨ ਤੋਂ ਨਾਜਾਇਜ਼

ਅਧਿਕਾਰੀਆਂ ਦੀ ਹੜਤਾਲ ਕਾਰਨ ਕੁਝ ਹੌਲੀ ਹੋਈ ਸੀ ।ਪਰ ਹੁਣ ਹੜਤਾਲ ਖਤਮ ਹੋ ਗਈ ਹੈ ਅਤੇ ਇਹ ਰਫਤਾਰ ਆਉਣ ਵਾਲੇ ਦਿਨਾਂ ਵਿਚ ਪ੍ਰਤੀ ਦਿਨ 200 ਏਕੜ ਨਜ਼ਾਇਜ ਕਬਜੇ ਹਟਾਉਣ ਤੱਕ ਪਹੁੰਚ ਜਾਵੇਗੀ। ਕੁਲਦੀਪ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਵਲੋਂ ਇੱਕ ਵਿਸ਼ੇਸ਼ ਨੰਬਰ ਜਾਰੀ ਕੀਤਾ ਜਾਵੇਗਾ ਜਿਸ ਉਪਰ ਸ਼ਾਮਲਾਟ ਜ਼ਮੀਨਾਂ 'ਤੇ ਨਜ਼ਾਇਜ ਕਬਜ਼ਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾ ਸਕੇਗੀ ।ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਸ਼ਾਮਲਾਟ ਜ਼ਮੀਨਾਂ ਤੋਂ ਕਬਜ਼ੇ ਛੁਡਵਾਉਣ ਲਈ ਪੰਚਾਇਤ ਵਿਭਾਗ ਨੇ ਵਿਸ਼ੇਸ਼ ਸੈਲ ਸਥਾਪਨਾ ਵੀ ਕੀਤੀ ਹੈ।

## ਇਲਾਹਾਬਾਦ ਹਾਈਕੋਰਟ ਵੱਲੋਂ ਤਾਜ ਮਹਿਲ ਦੇ 22

ਇਕ ਹੋਰ ਨਵੀਂ ਪਟੀਸ਼ਨ ਦਾਇਰ ਕਰਨ ਦੀ ਇਜਾਜ਼ਤ ਦੇਣ ਦੀ ਬੇਨਤੀ ਕੀਤੀ, ਪਰ ਬੈਂਚ ਨੇ ਉਨ੍ਹਾਂ ਦੀ ਬੇਨਤੀ ਨੂੰ ਸਵੀਕਾਰ ਨਹੀਂ ਕੀਤਾ ਅਤੇ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਹਾਈ ਕੋਰਟ ਦੀ ਲਖਨਊ ਬੈਂਚ ਨੇ ਤਾਜ ਮਹਿਲ ਦੇ ਸਬੰਧ ਵਿੱਚ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ।

ਅਦਾਲਤ ਨੇ ਪਟੀਸ਼ਨ ਨੂੰ ਵਿਚਾਰਨਯੋਗ ਨਾ ਮੰਨਦਿਆਂ ਖਾਰਜ ਕਰ ਦਿੱਤਾ।


**ਨਗਰ ਕੌਂਸਲ ਗੁਰਦਾਸਪੁਰ**

**ਪਬਲਿਕ ਨੋਟਿਸ**

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ ਗੁਰਦਾਸਪੁਰ ਵੱਲੋਂ ਡੇਅਰੀ ਅਤੇ ਗਊਸ਼ਾਲਾਵਾਂ ਨੂੰ ਰਜਿਸਟਰ ਕੀਤਾ ਜਾਣਾ ਹੈ। ਸੋ ਸਮੂਹ ਡੇਅਰੀ ਫਾਰਮ ਅਤੇ ਗਊਸ਼ਾਲਾਵਾਂ ਦਾ ਕੰਮ ਕਰਨ ਵਾਲਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਇਸ਼ਤਿਹਾਰ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਆਪੋ ਆਪਣੇ ਡੇਅਰੀ ਫਾਰਮ/ਗਊਸ਼ਾਲਾ ਨੂੰ ਦਫਤਰ ਨਗਰ ਕੌਂਸਲ ਗੁਰਦਾਸਪੁਰ ਵਿਖੇ ਰਜਿਸਟਰ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ।

ਸਹੀ/-
ਕਾਰਜ ਸਾਧਕ ਅਫਸਰ
ਨਗਰ ਕੌਂਸਲ ਗੁਰਦਾਸਪੁਰ

Ro No PR-Advt No-NA/12/9623/2021/14160/Dated CHD-5/17/2022



ਉੱਤਰ ਰੇਲਵੇ

**ਇਲੈਕਟ੍ਰੌਨਿਕ ਟੈਂਡਰ ਈ-ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਟੈਂਡਰ ਸੱਦਾ**

ਭਾਰਤ ਦੇ ਰਾਸ਼ਟਰਪਤੀ ਵੱਲੋਂ ਉਪ ਮੁੱਖ ਸਮੱਗਰੀ ਪ੍ਰਬੰਧਕ, ਉਤਰ ਰੇਲਵੇ ਜਗਾਧਰੀ ਵਰਕਸ਼ਾਪ-135002 ਦੁਆਰਾ ਇੱਛੁਕ ਫਰਮਾਂ ਤੋਂ ਨਿਮਨਲਿਖਤ ਮਦਾਂ ਦੇ ਲਈ ਈ-ਟੈਂਡਰ ਮੰਗੇ ਜਾਂਦੇ ਹਨ :-

| ਲੜੀ ਨੰ. | ਟੈਂਡਰ ਨੰਬਰ | ਸੰਖੇਪ ਵੇਰਵੇ | ਮਾਤਰਾ | ਬੰਦ ਹੋਣ ਦੀ ਮਿਤੀ |
|---|---|---|---|---|
| 1. | 61225516 | ਕਾਸਨਬ 22 ਐਚਐਸ ਕਾਸਟ ਸਟੀਲ ਬੋਗੀਜ਼ | 12 | 14.06.2022 |
| 2. | 61221537 | 7/8" ਡਾਇਆ ਲੌਕ ਬੋਲਟ | 26280 | 03.06.2022 |

ਟੈਂਡਰ ਸ਼ਰਤਾਂ : 1. ਵਿਸਥਾਰਤ ਜਾਣਕਾਰੀ IREPS ਵੈਬਸਾਈਟ ਭਾਵ www.ireps.gov.in 'ਤੇ ਦੇਖੀ ਜਾ ਸਕਦੀ ਹੈ। 2. ਮੈਨੂਅਲ ਟੈਂਡਰ ਪ੍ਰਵਾਨ ਨਹੀਂ ਕੀਤੇ ਜਾਣਗੇ।

ਟੈਂਡਰ ਸੂਚਨਾ ਨੰ. : 61225516, 61221537

1114/22

ਗ੍ਰਾਹਕਾਂ ਦੀ ਸੇਵਾ 'ਚ ਮੁਸਕਾਨ ਦੇ ਨਾਲ



**ਸਟੇਟ ਬੈਂਕ ਆਫ ਇੰਡੀਆ**

ਰਿਟੇਲ ਅਸੇਟਸ ਸੈਂਟਰਲ ਪ੍ਰੋਸੈਸਿੰਗ ਸੈਂਟਰ, ਪਹਿਲੀ ਮੰਜ਼ਿਲ, ਮੁੱਖ ਸ਼ਾਖਾ ਦੇ ਉਪਰ, ਸਿਵਲ ਲਾਈਨਜ਼, ਜਲੰਧਰ

**ਕਬਜ਼ਾ ਸੂਚਨਾ**

**[ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (1) ਅਧੀਨ]**

ਜਿਥੇ ਕਿ ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਨੰਬਰ 3) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ ਅਤੇ ਜ਼ਾਮਨ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈਆਂ ਮਿਤੀਆਂ ਨੂੰ ਕਰਜ਼ਦਾਰ ਨੂੰ ਮੰਗ ਸੂਚਨਾਵਾਂ ਜਾਰੀ ਕੀਤੀਆਂ ਸਨ।

ਕਰਜ਼ਦਾਰ/ਜ਼ਾਮਨ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਅਤੇ ਜ਼ਾਮਨ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ ਅਤੇ ਜ਼ਾਮਨ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਅਗਲੇਰੇ ਵਿਆਜ/ਹੋਰ ਲਾਗੂ ਫੀਸਾਂ ਦੇ ਲਈ **ਸਟੇਟ ਬੈਂਕ ਆਫ ਇੰਡੀਆ, ਆਰਏਸੀਪੀਸੀ, ਸਿਵਲ ਲਾਈਨਜ਼, ਜਲੰਧਰ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ /ਜ਼ਾਮਨ ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਸ੍ਰੀ ਲਾਜ਼ਰ ਮਸੀਹ (ਕਰਜ਼ਦਾਰ) ਅਤੇ ਸ੍ਰੀਮਤੀ ਨਜ਼ੀਰਾ ਮਸੀਹ (ਜ਼ਾਮਨ) | ਸ੍ਰੀ ਲਾਜ਼ਰ ਮਸੀਹ ਸਪੁੱਤਰ ਸ੍ਰੀ ਖੁਰਸ਼ੀਦ ਮਸੀਹ ਦੇ ਨਾਮ 'ਤੇ ਅਰਬਨ ਅਸਟੇਟ, ਫੇਜ਼-1, ਜਲੰਧਰ ਵਿਖੇ ਸਥਿਤ ਵਿਕਰੀ ਡੀਡ ਨੰਬਰ 5964 ਮਿਤੀ 29.10.2009 ਦੇ ਅਧੀਨ 2 ਮਰਲੇ 81 ਵਰਗ ਫੁੱਟ (11'x45' = 495 ਵਰਗ ਫੁੱਟ) ਮਾਪ ਵਾਲੇ ਐਲਆਈਜੀ ਫਲੈਟ ਨੰ. 358 (ਹਾਊਸਿੰਗ ਬੋਰਡ ਫਲੈਟਸ) ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ ਨਿਮਨ ਅਨੁਸਾਰ : ਪੂਰਬ : ਗਲੀ 20', ਪੱਛਮ : ਗਲੀ 7'-6", ਉੱਤਰ : ਐਲਆਈਜੀ ਫਲੈਟ ਨੰ. 357, ਦੱਖਣ : ਐਲਆਈਜੀ ਫਲੈਟ ਨੰ. 359 | 11.01.2021 | 06.05.2022 | Rs. 4,57,061.16 ਅਤੇ ਰੁਪਏ 32,838/- 11.12.2020 ਅਨੁਸਾਰ ਵਿਆਜ |

ਮਿਤੀ : 06.05.2022 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ



ਫਾਰਮ ਏ

**ਜਨਤਕ ਐਲਾਨ**

(ਇਨਸਾਲਵੈਂਸੀ ਅਤੇ ਬੈਂਕਰਪਟਸੀ ਬੋਰਡ ਆਫ ਇੰਡੀਆ (ਕਾਰਪੋਰੇਟ ਵਿਅਕਤੀਆਂ ਲਈ ਇਨਸਾਲਵੈਂਸੀ ਪ੍ਰਸਤਾਵ ਪ੍ਰਕਿਰਿਆ) ਨਿਯਮਾਂਵਲੀ, 2016 ਦੇ ਨਿਯਮ 6 ਦੇ ਅਧੀਨ)

**ਓਲਿਵਰ ਇੰਜੀਨੀਅਰਿੰਗ ਪ੍ਰਾ. ਲਿਮ. ਦੇ ਕਰਜ਼ਦਾਤਿਆਂ ਦੇ ਧਿਆਨ ਹਿੱਤ**

**ਸਬੰਧਤ ਵੇਰਵੇ**

| | | |
|---|---|---|
| 1. | ਕਾਰਪੋਰੇਟ ਕਰਜ਼ਦਾਰ ਦਾ ਨਾਮ | ਓਲਿਵਰ ਇੰਜੀਨੀਅਰਿੰਗ ਪ੍ਰਾ. ਲਿਮ. |
| 2. | ਕਾਰਪੋਰੇਟ ਕਰਜ਼ਦਾਰ ਦੇ ਇਨਕਾਰਪੋਰੇਸ਼ਨ ਦੀ ਮਿਤੀ | 15 ਜੁਲਾਈ, 2011 |
| 3. | ਅਥਾਰਿਟੀ ਜਿਸ ਦੇ ਅਧੀਨ ਕਾਰਪੋਰੇਟ ਕਰਜ਼ਦਾਰ ਇਨਕਾਰਪੋਰੇਟਿਡ/ਪੰਜੀਕ੍ਰਿਤ ਹੈ | ਰਜਿਸਟਰਾਰ ਆਫ ਕੰਪਨੀਜ਼, ਦਿੱਲੀ |
| 4. | ਕਾਰਪੋਰੇਟ ਕਰਜ਼ਦਾਰ ਦਾ ਕਾਰਪੋਰੇਟ ਪਛਾਣ ਨੰ./ ਲਿਮਟਿਡ ਜੁਆਬਦੇਹੀ ਪਛਾਣ ਨੰਬਰ | ਯੂ74999ਡੀਐਲ2011ਪੀਟੀਸੀ222377 |
| 5. | ਕਾਰਪੋਰੇਟ ਕਰਜ਼ਦਾਰ ਦੇ ਪੰਜੀਕ੍ਰਿਤ ਦਫ਼ਤਰ ਦਾ ਪਤਾ ਅਤੇ ਮੁੱਖ ਦਫ਼ਤਰ (ਜੇਕਰ ਕੋਈ ਹੋਵੇ) | **ਪੰਜੀਕ੍ਰਿਤ ਦਫ਼ਤਰ (ਐਮਸੀਏ ਰਿਕਾਰਡਜ਼ ਦੇ ਅਨੁਸਾਰ) : ਸੀਆਈਆਰਪੀ ਆਦੇਸ਼ ਦੀ ਮਿਤੀ ਨੂੰ** : 3 ਐਲ.ਐਸ.ਸੀ. ਪੰਪੋਸ਼ ਇਨਕਲੇਵ, ਗ੍ਰੇਟਰ ਕੈਲਾਸ਼, ਭਾਗ-1, ਨਵੀਂ ਦਿੱਲੀ-110048 **ਸੀਆਈਆਰਪੀ ਆਦੇਸ਼ ਦੀ ਪ੍ਰਾਪਤੀ ਦੀ ਮਿਤੀ ਨੂੰ** : ਤੀਜੀ ਮੰਜ਼ਿਲ, 108 ਬੀ ਮਦਨਗੀਰ ਪਿੰਡ ਨਵੀਂ ਦਿੱਲੀ-110062 **ਫੈਕਟਰੀ ਦਾ ਪਤਾ** : ਪਿੰਡ-ਸੰਧਾਰਸੀ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ, ਪੰਜਾਬ-140417 |
| 6. | ਕਾਰਪੋਰੇਟ ਕਰਜ਼ਦਾਰ ਦੇ ਸਬੰਧ ਵਿਚ ਦਿਵਾਲੀਆਪਨ ਦੀ ਸ਼ੁਰੂਆਤੀ ਮਿਤੀ | **26 ਅਪ੍ਰੈਲ, 2022** - ਸੀਆਈਆਰਪੀ ਆਦੇਸ਼ ਦੀ ਮਿਤੀ **11 ਮਈ, 2022** - ਅੰਤ੍ਰਿਮ ਪ੍ਰਸਤਾਵ ਪੇਸ਼ੇਵਰ ਦੁਆਰਾ ਸੀਆਈਆਰਪੀ ਆਦੇਸ਼ ਦੀ ਪ੍ਰਾਪਤੀ ਦੀ ਮਿਤੀ |
| 7. | ਇਨਸਾਲਵੈਂਸੀ ਪ੍ਰਸਤਾਵ ਪ੍ਰਕਿਰਿਆ ਦੇ ਬੰਦ ਹੋਣ ਦੀ ਅਨੁਮਾਨਤ ਮਿਤੀ | **23 ਅਕਤੂਬਰ, 2022** (ਇਨਸਾਲਵੈਂਸੀ ਦੀ ਸ਼ੁਰੂਆਤੀ ਮਿਤੀ ਤੋਂ 180 ਦਿਨ) |
| 8. | ਅੰਤ੍ਰਿਮ ਪ੍ਰਸਤਾਵ ਪੇਸ਼ੇਵਰ ਵਜੋਂ ਕੰਮ ਕਰਦੇ ਇਨਸਾਲਵੈਂਸੀ ਪੇਸ਼ੇਵਰ ਦਾ ਨਾਮ ਅਤੇ ਪੰਜੀਕਰਨ ਨੰਬਰ | **ਆਕਾਸ਼ ਸ਼ਿੰਘਲ** ਰਜਿ. ਨੰ. : IBBI/IPA-001/IP-P00137/2017-18/10279 |
| 9. | ਬੋਰਡ ਨਾਲ ਪੰਜੀਕ੍ਰਿਤ ਅਨੁਸਾਰ ਅੰਤ੍ਰਿਮ ਪ੍ਰਸਤਾਵ ਪੇਸ਼ੇਵਰ ਦਾ ਪਤਾ ਅਤੇ ਈ-ਮੇਲ | **ਖੰਡੇਲਵਾਲ ਜੈਨ ਐਂਡ ਕੰਪਨੀ**, ਚਾਰਟਰਡ ਅਕਾਊਂਟੈਂਟਸ, ਜੀ-8 ਅਤੇ 9, ਹੰਸ ਭਵਨ, ਬੀਐਸਜ਼ੈਡ ਮਾਰਗ, ਆਈਟੀਓ, ਨਵੀਂ ਦਿੱਲੀ-110002, **ਈਮੇਲ** : akash@kjco.net |
| 10. | ਅੰਤ੍ਰਿਮ ਪ੍ਰਸਤਾਵ ਪੇਸ਼ੇਵਰ ਨਾਲ ਪੱਤਰ ਵਿਹਾਰ ਲਈ ਵਰਤਿਆ ਜਾਣ ਵਾਲਾ ਪਤਾ ਅਤੇ ਈ-ਮੇਲ | **ਖੰਡੇਲਵਾਲ ਜੈਨ ਐਂਡ ਕੰਪਨੀ**, ਚਾਰਟਰਡ ਅਕਾਊਂਟੈਂਟਸ, ਜੀ-8 ਅਤੇ 9, ਹੰਸ ਭਵਨ, ਬੀਐਸਜ਼ੈਡ ਮਾਰਗ, ਆਈਟੀਓ, ਨਵੀਂ ਦਿੱਲੀ-110002, **ਈਮੇਲ** : oliverengg.cirp@gmail.com |
| 11. | ਦਾਅਵਿਆਂ ਨੂੰ ਪੇਸ਼ ਕਰਨ ਲਈ ਆਖ਼ਰੀ ਮਿਤੀ | 25 ਮਈ, 2022 |
| 12. | ਅੰਤ੍ਰਿਮ ਪ੍ਰਸਤਾਵ ਪੇਸ਼ੇਵਰ ਵੱਲੋਂ ਤੈਅ ਕੀਤੀ ਧਾਰਾ 21 ਦੀ ਉਪ-ਧਾਰਾ (6ਏ) ਦੇ ਉਪਬੰਧ (ਬੀ) ਦੇ ਅਧੀਨ ਕਰਦਾਤਾਵਾਂ ਦੀਆਂ ਸ਼੍ਰੇਣੀਆਂ, ਜੇਕਰ ਕੋਈ ਹਨ। | ਸ਼੍ਰੇਣੀ (ਆਂ) ਦਾ ਨਾਮ : ਕੋਈ ਨਹੀਂ |
| 13. | ਸ਼੍ਰੇਣੀ ਵਿਚ ਕਰਦਾਤਾਵਾਂ ਦੇ ਅਧਿਕਾਰਤ ਪ੍ਰਤੀਨਿਧੀ ਵਜੋਂ ਕੰਮ ਕਰਨ ਲਈ ਪਛਾਣੇ ਗਏ ਇਨਸਾਲਵੈਂਸੀ ਪੇਸ਼ੇਵਰਾਂ ਦੇ ਨਾਮ (ਹਰੇਕ ਸ਼੍ਰੇਣੀ ਲਈ ਤਿੰਨ ਨਾਮ) | ਲਾਗੂ ਨਹੀਂ |
| 14. | (ੳ) ਸਬੰਧਤ ਫਾਰਮ ਅਤੇ (ਅ) ਅਧਿਕਾਰਤ ਪ੍ਰਤੀਨਿਧੀਆਂ ਦੇ ਵੇਰਵੇ ਇਥੇ ਉਪਲਬਧ ਹਨ : | ੳ) ਵੈਬ ਲਿੰਕ : https://ibbi.gov.in./home/downloads ਅ) ਲਾਗੂ ਨਹੀਂ |

ਸੂਚਨਾ ਦਿੱਤੀ ਜਾਂਦੀ ਹੈ ਕਿ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ ਨੇ **26 ਅਪ੍ਰੈਲ, 2022** ਨੂੰ **ਓਲਿਵਰ ਇੰਜੀਨੀਅਰਿੰਗ ਪ੍ਰਾ. ਲਿਮ.** ਦੀ ਕਾਰਪੋਰੇਟ ਇਨਸਾਲਵੈਂਸੀ ਪ੍ਰਸਤਾਵ ਪ੍ਰਕਿਰਿਆ ਦੀ ਸ਼ੁਰੂਆਤ ਦਾ ਆਦੇਸ਼ ਦਿੱਤਾ ਹੈ।

**ਓਲਿਵਰ ਇੰਜੀਨੀਅਰਿੰਗ ਪ੍ਰਾ. ਲਿਮ.** ਦੇ ਕਰਜ਼ਦਾਤਾਵਾਂ ਨੂੰ ਇਥੇ ਇੰਦਰਾਜ ਨੰ. 10 ਦੇ ਅਧੀਨ ਦਰਸਾਏ ਪਤੇ 'ਤੇ ਅੰਤ੍ਰਿਮ ਪ੍ਰਸਤਾਵ ਪੇਸ਼ੇਵਰਾਂ ਦੇ ਲਈ **25 ਮਈ, 2022** ਜਾਂ ਪਹਿਲਾਂ ਪ੍ਰਮਾਣ ਸਮੇਤ ਆਪਣੇ ਦਾਅਵਿਆਂ ਨੂੰ ਪੇਸ਼ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

ਵਿੱਤੀ ਕਰਜ਼ਦਾਤਾਵਾਂ ਨੂੰ ਕੇਵਲ ਇਲੈਕਟ੍ਰੌਨਿਕ ਮਾਧਿਅਮ ਦੁਆਰਾ ਸਬੂਤ ਸਮੇਤ ਆਪਣੇ ਦਾਅਵੇ ਪੇਸ਼ ਕਰਨੇ ਹੋਣਗੇ। ਸਾਰੇ ਹੋਰ ਕਰਜ਼ਦਾਤਾ ਵਿਅਕਤੀਗਤ ਤੌਰ 'ਤੇ, ਡਾਕ ਰਾਹੀਂ ਜਾਂ ਇਲੈਕਟ੍ਰੌਨਿਕ ਮਾਧਿਅਮ ਦੁਆਰਾ ਸਬੂਤ ਸਮੇਤ ਦਾਅਵੇ ਪੇਸ਼ ਕਰ ਸਕਦੇ ਹਨ।

ਇੰਦਰਾਜ ਨੰ. 12 ਦੇ ਅਧੀਨ ਸੂਚੀਬੱਧ ਅਨੁਸਾਰ ਕਿਸੇ ਸ਼੍ਰੇਣੀ ਨਾਲ ਸਬੰਧਤ ਇਕ ਵਿੱਤੀ ਕਰਜ਼ਦਾਰ ਫਾਰਮ ਸੀਏ ਵਿਚ ਸ਼੍ਰੇਣੀ (ਲਾਗੂ ਨਹੀਂ) ਦੇ ਅਧਿਕਾਰਤ ਪ੍ਰਤੀਨਿਧ ਵਜੋਂ ਕੰਮ ਕਰਨ ਲਈ ਇੰਦਰਾਜ ਨੰ. 13 ਦੇ ਅਧੀਨ ਸੂਚੀਬੱਧ ਤਿੰਨ ਇਨਸਾਲਵੈਂਸੀ ਪੇਸ਼ੇਵਰਾਂ ਵਿਚੋਂ ਆਪਣੇ ਅਧਿਕਾਰਤ ਪ੍ਰਤੀਨਿਧੀ ਦੀ ਚੋਣ ਦਾ ਸੰਕੇਤ ਦੇਵੇਗਾ।

**ਦਾਅਵੇ ਦੇ ਝੂਠੇ ਜਾਂ ਗੁੰਮਰਾਹਕੁੰਨ ਸਬੂਤਾਂ ਨੂੰ ਪੇਸ਼ ਕਰਨਾ ਸਜ਼ਾ ਨੂੰ ਸੱਦਾ ਦੇਵੇਗਾ।**

**ਆਕਾਸ਼ ਸ਼ਿੰਘਲ**
ਓਲਿਵਰ ਇੰਜੀਨੀਅਰਿੰਗ ਪ੍ਰਾ. ਲਿਮ. ਦੇ ਅੰਤ੍ਰਿਮ ਪ੍ਰਸਤਾਵ ਪੇਸ਼ੇਵਰ
ਰਜਿ. ਨੰ. : IBBI/IPA-001/IP-P00137/2017-18/10279

**ਮਿਤੀ** : 12.05.2022
**ਸਥਾਨ** : ਨਵੀਂ ਦਿੱਲੀ



**ਚੜ੍ਹਦੀਕਲਾ**

**ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।**

**Printed & Published by Paramjit Singh & on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Charhdikala 577, SST Nagar Patiala. Chief Editor : Jagjit Singh Dardi**



**ਪੰਜਾਬ ਐਂਡ ਸਿੰਧ ਬੈਂਕ**

ਜ਼ੋਨਲ ਦਫ਼ਤਰ : ਗੁਰੂਹਰਿਸਹਾਏ

**[ਨਿਯਮ-8 (1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ ਨਿਮਨ ਹਸਤਾਖ਼ਰੀ ਨੇ **ਪੰਜਾਬ ਐਂਡ ਸਿੰਧ ਬੈਂਕ, ਗੁਰੂਹਰਿਸਹਾਏ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 3) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ (ਵਾਂ) ਜਾਰੀ ਕੀਤੀ ਸੀ।

ਕਰਜ਼ਦਾਰ (ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਸਬੰਧਤ ਨਿਯਮਾਂ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਸੰਕੇਤਕ** ਕਬਜ਼ਾ ਲੈ ਲਿਆ ਹੈ।

ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਮ ਅਧੀਨ ਦਰਸਾਈ ਰਕਮ ਜਮ੍ਹਾਂ ਪੂਰਤੀ ਹੋਣ ਤੱਕ ਲਾਗੂ ਹੋਰ ਫੀਸਾਂ ਅਤੇ ਵਿਆਜ ਦੇ ਲਈ **ਪੰਜਾਬ ਐਂਡ ਸਿੰਧ ਬੈਂਕ, ਗੁਰੂਹਰਿਸਹਾਏ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਮੰਗ ਸੂਚਨਾ ਅਨੁਸਾਰ ਬਕਾਇਆ ਰਕਮ |
|---|---|---|---|---|
| 1. **ਕਰਜ਼ਦਾਰ** : ਮੈਸ. ਸਤਪੌਲ ਸਪੁੱਤਰ ਰਤਨ ਲਾਲ ਵਾਸੀ ਮਕਾਨ ਨੰ. 347 ਵਾਰਡ ਨੰ. 11, ਨੇੜੇ ਬ੍ਰਿਜ ਮੰਡੀ ਗੁਰੂ ਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਅਤੇ **ਜ਼ਾਮਨ** : ਰੀਟਾ ਰਾਣੀ ਸੁਪਤਨੀ ਸਤਪੌਲ ਸਪੁੱਤਰ ਰਤਨ ਲਾਲ ਵਾਸੀ ਮਕਾਨ ਨੰ. 347 ਵਾਰਡ ਨੰ. 11, ਨੇੜੇ ਓਵਰ ਬ੍ਰਿਜ ਮੰਡੀ ਗੁਰੂ ਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਅਤੇ ਸਵਿਤਾ ਸੁਪਤਨੀ ਮਹੇਸ਼ ਪੌਲ ਵਾਸੀ ਮਕਾਨ ਨੰ. 347 ਵਾਰਡ ਨੰ. 11, ਨੇੜੇ ਓਵਰ ਬ੍ਰਿਜ ਮੰਡੀ ਗੁਰੂ ਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਅਤੇ ਮਹੇਸ਼ ਪੌਲ ਸਪੁੱਤਰ ਰਤਨ ਲਾਲ ਵਾਸੀ ਮਕਾਨ ਨੰ. 347 ਵਾਰਡ ਨੰ. 11, ਨੇੜੇ ਓਵਰ ਬ੍ਰਿਜ ਮੰਡੀ ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਅਤੇ ਬ੍ਰਿਜ ਲਾਲ ਸਪੁੱਤਰ ਘੁੱਲਾ ਰਾਮ ਵਾਸੀ ਮੰਡੀ ਗੁਰੂਹਰਿਸਹਾਏ, ਤਹਿਸੀਲ ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ। | ਸਬ ਰਜਿਸਟਰਾਰ ਗੁਰੂਹਰਿਸਹਾਏ ਦੇ ਦਫ਼ਤਰ ਵਿਚ ਪੰਜੀਕ੍ਰਿਤ ਵਸੀਕਾ ਨੰਬਰ 1365 ਵਾਲੀ ਵਿਕਰੀ ਡੀਡ ਮਿਤੀ 04.12.2015 ਦੇ ਅਨੁਸਾਰ ਤੁਹਾਡੇ ਨਿਵਾਸੀ ਨੰਬਰ 1 ਦੀ ਮਾਲਕੀ ਹੇਠ ਗੁਰੂਹਰਿਸਹਾਏ ਦਰਮਿਆਨੀ ਦੇ ਖੇਤਰ ਵਿਚ ਸਥਿਤ ਖੇਵਟ ਨੰ. 228 ਖਤੌਨੀ ਨੰਬਰ 436 ਰੈਕਟ ਨੰ. 216 ਕਿਲਾ ਨੰ. 25/2 (2-0) ਵਿਚ ਸ਼ਾਮਲ 2 ਕਨਾਲ ਮਾਪ ਵਾਲੀ ਜ਼ਮੀਨ ਵਿਚ 167/360 ਹਿੱਸੇ ਵਜੋਂ 18 ਮਰਲੇ 5 ਸਰਸਾਹੀ ਮਾਪ ਵਾਲੀ ਜ਼ਮੀਨ ਅਤੇ ਖੇਵਟ ਨੰ. 227 ਖਤੌਨੀ ਨੰ. 435, ਰੈਕਟ ਨੰ. 217, ਕਿਲਾ ਨੰ. 21/1 (4-0), 21/2 (4-0), ਰੈਕਟ ਨੰ. 243 ਕਿਲਾ ਨੰ. 1/1 (2-0) ਵਿਚ ਸ਼ਾਮਲ 10 ਕਨਾਲ ਮਾਪ ਵਾਲੀ ਜ਼ਮੀਨ ਦੇ 1/2 ਹਿੱਸੇ ਵਜੋਂ 5 ਕਨਾਲ ਮਾਪ ਵਾਲੀ ਜ਼ਮੀਨ ਭਾਵ 5 ਕਨਾਲ 18 ਮਰਲੇ 5 ਸਰਸਾਹੀ ਮਾਪ ਵਾਲੀ ਜ਼ਮੀਨ। ਹੱਦਬੰਦੀ : ਪੂਰਬ : ਖੁਦ ਅਤੇ ਸੜਕ, ਪੱਛਮ : ਖੁਦ ਅਤੇ ਮਨਜੀਤ ਸਿੰਘ ਆਦਿ, ਉਤਰ : ਪੁਰਾਣਾ ਬੱਸ ਸਟੈਂਡ, ਦੱਖਣ : ਸਤਪਾਲ ਅਤੇ ਸਬ ਰਜਿਸਟਰਾਰ ਗੁਰੂਹਰਿਸਹਾਏ ਦੇ ਦਫ਼ਤਰ ਵਿਚ ਪੰਜੀਕ੍ਰਿਤ ਵਸੀਕਾ ਨੰਬਰ 1364 ਵਾਲੀ ਵਿਕਰੀ ਡੀਡ ਮਿਤੀ 04.12.2015 ਦੇ ਅਨੁਸਾਰ ਤੁਹਾਡੇ ਨਿਵਾਸੀ ਨੰਬਰ 1 ਦੀ ਮਾਲਕੀ ਹੇਠ ਗੁਰੂਹਰਿਸਹਾਏ ਦਰਮਿਆਨੀ ਦੇ ਖੇਤਰ ਵਿਚ ਸਥਿਤ ਖੇਵਟ ਨੰ. 228 ਖਤੌਨੀ ਨੰਬਰ 436 ਰੈਕਟ ਨੰ. 216 ਕਿਲਾ ਨੰ. 25/2 (2-0) ਵਿਚ ਸ਼ਾਮਲ 2 ਕਨਾਲ ਮਾਪ ਵਾਲੀ ਜ਼ਮੀਨ ਵਿਚ 167/360 ਹਿੱਸੇ ਵਜੋਂ 18 ਮਰਲੇ 5 ਸਰਸਾਹੀ ਮਾਪ ਵਾਲੀ ਜ਼ਮੀਨ ਅਤੇ ਖੇਵਟ ਨੰ. 227 ਖਤੌਨੀ ਨੰ. 435, ਰੈਕਟ ਨੰ. 217, ਕਿਲਾ ਨੰ. 21/1 (4-0), 21/2 (4-0), ਰੈਕਟ ਨੰ. 243 ਕਿਲਾ ਨੰ. 1/1 (2-0) ਵਿਚ ਸ਼ਾਮਲ 10 ਕਨਾਲ ਮਾਪ ਵਾਲੀ ਜ਼ਮੀਨ ਦੇ 1/2 ਹਿੱਸੇ ਵਜੋਂ 5 ਕਨਾਲ ਮਾਪ ਵਾਲੀ ਜ਼ਮੀਨ ਭਾਵ 5 ਕਨਾਲ 18 ਮਰਲੇ 5 ਸਰਸਾਹੀ ਮਾਪ ਵਾਲੀ ਜ਼ਮੀਨ। ਹੱਦਬੰਦੀ : ਪੂਰਬ : ਖੁਦ ਅਤੇ ਸੜਕ, ਪੱਛਮ : ਖੁਦ ਅਤੇ ਮਨਜੀਤ ਸਿੰਘ ਆਦਿ, ਉਤਰ : ਪੁਰਾਣਾ ਬੱਸ ਸਟੈਂਡ ਅਤੇ ਮਿਊਂਸਪਲ ਕਮੇਟੀ, ਦੱਖਣ : ਸਤਪਾਲ | 18.02.2022 | 12.05.2022 | Rs.8,46,909.41/- 31.12.2021 ਦੇ ਅਨੁਸਾਰ ਪੂਰਨ ਭੁਗਤਾਨ ਹੋਣ ਤੱਕ ਭਾਵੀ ਵਿਆਜ, ਲਾਗਤਾਂ, ਫੀਸਾਂ ਅਤੇ ਹੋਰ ਖਰਚਿਆਂ ਸਮੇਤ। |
| 2. **ਕਰਜ਼ਦਾਰ** : ਮਹੇਸ਼ ਪੌਲ ਸਪੁੱਤਰ ਰਤਨ ਲਾਲ ਵਾਸੀ ਮਕਾਨ ਨੰ. 347 ਵਾਰਡ ਨੰ. 11, ਨੇੜੇ ਓਵਰਬ੍ਰਿਜ ਮੰਡੀ ਗੁਰੂ ਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਅਤੇ **ਜ਼ਾਮਨ** : ਰੀਟਾ ਰਾਣੀ ਸੁਪਤਨੀ ਸਤਪੌਲ ਸਪੁੱਤਰ ਰਤਨ ਲਾਲ ਵਾਸੀ ਮਕਾਨ ਨੰ. 347 ਵਾਰਡ ਨੰ. 11, ਨੇੜੇ ਓਵਰ ਬ੍ਰਿਜ ਮੰਡੀ ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਅਤੇ ਸਵਿਤਾ ਸੁਪਤਨੀ ਮਹੇਸ਼ ਪੌਲ ਵਾਸੀ ਮਕਾਨ ਨੰ. 347 ਵਾਰਡ ਨੰ. 11, ਨੇੜੇ ਓਵਰ ਬ੍ਰਿਜ ਮੰਡੀ ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਅਤੇ ਸਤਪੌਲ ਸਪੁੱਤਰ ਰਤਨ ਲਾਲ ਵਾਸੀ ਮਕਾਨ ਨੰ. 347 ਵਾਰਡ ਨੰ. 11, ਨੇੜੇ ਓਵਰ ਬ੍ਰਿਜ ਮੰਡੀ ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਅਤੇ ਬ੍ਰਿਜ ਲਾਲ ਸਪੁੱਤਰ ਘੁੱਲਾ ਰਾਮ ਵਾਸੀ ਮੰਡੀ ਗੁਰੂਹਰਿਸਹਾਏ, ਤਹਿਸੀਲ ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ। | ਸਬ ਰਜਿਸਟਰਾਰ ਗੁਰੂਹਰਿਸਹਾਏ ਦੇ ਦਫ਼ਤਰ ਵਿਚ ਪੰਜੀਕ੍ਰਿਤ ਵਸੀਕਾ ਨੰਬਰ 1365 ਵਾਲੀ ਵਿਕਰੀ ਡੀਡ ਮਿਤੀ 04.12.2015 ਦੇ ਅਨੁਸਾਰ ਤੁਹਾਡੇ ਨਿਵਾਸੀ ਨੰਬਰ 1 ਦੀ ਮਾਲਕੀ ਹੇਠ ਗੁਰੂਹਰਿਸਹਾਏ ਦਰਮਿਆਨੀ ਦੇ ਖੇਤਰ ਵਿਚ ਸਥਿਤ ਖੇਵਟ ਨੰ. 228 ਖਤੌਨੀ ਨੰਬਰ 436 ਰੈਕਟ ਨੰ. 216 ਕਿਲਾ ਨੰ. 25/2 (2-0) ਵਿਚ ਸ਼ਾਮਲ 2 ਕਨਾਲ ਮਾਪ ਵਾਲੀ ਜ਼ਮੀਨ ਵਿਚ 167/360 ਹਿੱਸੇ ਵਜੋਂ 18 ਮਰਲੇ 5 ਸਰਸਾਹੀ ਮਾਪ ਵਾਲੀ ਜ਼ਮੀਨ ਅਤੇ ਖੇਵਟ ਨੰ. 227 ਖਤੌਨੀ ਨੰ. 435, ਰੈਕਟ ਨੰ. 217, ਕਿਲਾ ਨੰ. 21/1 (4-0), 21/2 (4-0), ਰੈਕਟ ਨੰ. 243 ਕਿਲਾ ਨੰ. 1/1 (2-0) ਵਿਚ ਸ਼ਾਮਲ 10 ਕਨਾਲ ਮਾਪ ਵਾਲੀ ਜ਼ਮੀਨ ਦੇ 1/2 ਹਿੱਸੇ ਵਜੋਂ 5 ਕਨਾਲ ਮਾਪ ਵਾਲੀ ਜ਼ਮੀਨ ਭਾਵ 5 ਕਨਾਲ 18 ਮਰਲੇ 5 ਸਰਸਾਹੀ ਮਾਪ ਵਾਲੀ ਜ਼ਮੀਨ। ਹੱਦਬੰਦੀ : ਪੂਰਬ : ਖੁਦ ਅਤੇ ਸੜਕ, ਪੱਛਮ : ਖੁਦ ਅਤੇ ਮਨਜੀਤ ਸਿੰਘ ਆਦਿ, ਉਤਰ : ਪੁਰਾਣਾ ਬੱਸ ਸਟੈਂਡ, ਦੱਖਣ : ਸਤਪਾਲ ਅਤੇ ਸਬ ਰਜਿਸਟਰਾਰ ਗੁਰੂਹਰਿਸਹਾਏ ਦੇ ਦਫ਼ਤਰ ਵਿਚ ਪੰਜੀਕ੍ਰਿਤ ਵਸੀਕਾ ਨੰਬਰ 1364 ਵਾਲੀ ਵਿਕਰੀ ਡੀਡ ਮਿਤੀ 04.12.2015 ਦੇ ਅਨੁਸਾਰ ਤੁਹਾਡੇ ਨਿਵਾਸੀ ਨੰਬਰ 1 ਦੀ ਮਾਲਕੀ ਹੇਠ ਗੁਰੂਹਰਿਸਹਾਏ ਦਰਮਿਆਨੀ ਦੇ ਖੇਤਰ ਵਿਚ ਸਥਿਤ ਖੇਵਟ ਨੰ. 228 ਖਤੌਨੀ ਨੰਬਰ 436 ਰੈਕਟ ਨੰ. 216 ਕਿਲਾ ਨੰ. 25/2 (2-0) ਵਿਚ ਸ਼ਾਮਲ 2 ਕਨਾਲ ਮਾਪ ਵਾਲੀ ਜ਼ਮੀਨ ਵਿਚ 167/360 ਹਿੱਸੇ ਵਜੋਂ 18 ਮਰਲੇ 5 ਸਰਸਾਹੀ ਮਾਪ ਵਾਲੀ ਜ਼ਮੀਨ ਅਤੇ ਖੇਵਟ ਨੰ. 227 ਖਤੌਨੀ ਨੰ. 435, ਰੈਕਟ ਨੰ. 217, ਕਿਲਾ ਨੰ. 21/1 (4-0), 21/2 (4-0), ਰੈਕਟ ਨੰ. 243 ਕਿਲਾ ਨੰ. 1/1 (2-0) ਵਿਚ ਸ਼ਾਮਲ 10 ਕਨਾਲ ਮਾਪ ਵਾਲੀ ਜ਼ਮੀਨ ਦੇ 1/2 ਹਿੱਸੇ ਵਜੋਂ 5 ਕਨਾਲ ਮਾਪ ਵਾਲੀ ਜ਼ਮੀਨ ਭਾਵ 5 ਕਨਾਲ 18 ਮਰਲੇ 5 ਸਰਸਾਹੀ ਮਾਪ ਵਾਲੀ ਜ਼ਮੀਨ। ਹੱਦਬੰਦੀ : ਪੂਰਬ : ਖੁਦ ਅਤੇ ਸੜਕ, ਪੱਛਮ : ਖੁਦ ਅਤੇ ਮਨਜੀਤ ਸਿੰਘ ਆਦਿ, ਉਤਰ : ਪੁਰਾਣਾ ਬੱਸ ਸਟੈਂਡ ਅਤੇ ਮਿਊਂਸਪਲ ਕਮੇਟੀ, ਦੱਖਣ : ਸਤਪਾਲ | 18.02.2022 | 12.05.2022 | Rs.9,10,610.71/- 31.12.2021 ਦੇ ਅਨੁਸਾਰ ਪੂਰਨ ਭੁਗਤਾਨ ਹੋਣ ਤੱਕ ਭਾਵੀ ਵਿਆਜ, ਲਾਗਤਾਂ, ਫੀਸਾਂ ਅਤੇ ਹੋਰ ਖਰਚਿਆਂ ਸਮੇਤ। |
| 3. **ਕਰਜ਼ਦਾਰ** : ਮੈਸ. ਗੌਰੀ ਇੰਜੀਨੀਅਰਿੰਗ ਵਰਕਸ, ਕੁੱਤੀ ਮੌੜ ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਅਤੇ ਸਤਨਾਮ ਸਿੰਘ ਸਪੁੱਤਰ ਭੁਪਿੰਦਰ ਸਿੰਘ (ਪ੍ਰੋਪ.) ਗੌਰੀ ਇੰਜੀਨੀਅਰਿੰਗ ਵਰਕਸ, ਵਾਸੀ ਬੁੱਧ ਸਿੰਘ ਨਗਰ, ਕੁੱਤੀ ਮੌੜ ਗੁਰੂਹਰਿਸਹਾਏ, ਤਹਿਸੀਲ ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਅਤੇ **ਜ਼ਾਮਨ** : ਸ੍ਰੀ ਛਿੰਦਰਪਾਲ ਸਿੰਘ ਸਪੁੱਤਰ ਨਿਰੰਜਣ ਸਿੰਘ ਵਾਸੀ ਕੁੱਤੀ ਮੌੜ ਮੁਕਤਸਰ ਰੋਡ, ਗੁਰੂਹਰਿਸਹਾਏ, ਤਹਿਸੀਲ ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਅਤੇ ਭਿੰਦਰ ਸਿੰਘ ਉਰਫ ਭੁਪਿੰਦਰ ਸਿੰਘ ਸਪੁੱਤਰ ਨਿਰੰਜਣ ਸਿੰਘ ਵਾਸੀ ਕੁੱਤੀ ਮੌੜ, ਮੁਕਤਸਰ ਰੋਡ, ਤਹਿਸੀਲ ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ। | ਜੁਆਇੰਟ ਸਬ ਰਜਿਸਟਰਾਰ ਗੁਰੂਹਰਿਸਹਾਏ ਦੇ ਦਫ਼ਤਰ ਵਿਚ ਪੰਜੀਕ੍ਰਿਤ ਵਸੀਕਾ ਨੰਬਰ 1047 ਵਾਲੀ ਵਿਕਰੀ ਡੀਡ ਦੇ ਅਧੀਨ ਗੁਰੂਹਰਿਸਾਏ ਦਰਮਿਆਨੀ, ਤਹਿਸੀਲ ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਸਾਲ 2008-09 ਦੀ ਜਮ੍ਹਾਂਬੰਦੀ ਅਨੁਸਾਰ ਰੈਕਟ ਨੰ. 256 ਕਿਲਾ ਨੰ. 24/1 (7-11) ਖੇਵਟ ਨੰ. 48 ਖਤੌਨੀ ਨੰ. 123 ਵਿਚ ਸ਼ਾਮਲ 07 ਕਨਾਲ 11 ਮਰਲੇ ਵਿਚੋਂ 8/151 ਹਿੱਸੇ ਵਜੋਂ 08 ਮਰਲੇ ਮਾਪ ਵਾਲੀ ਜ਼ਮੀਨ। ਹੱਦਬੰਦੀ : ਪੂਰਬ : ਗਲੀ, ਪੱਛਮ : ਖੁਦ ਦੁਕਾਨਦਾਰ, ਉਤਰ : ਕਸ਼ਮੀਰ ਚੰਦ, ਦੱਖਣ : ਬਖਸ਼ੀਸ਼ ਸਿੰਘ। | 04.03.2022 | 12.05.2022 | Rs.11,78,918.68/- 28.02.2022 ਦੇ ਅਨੁਸਾਰ ਪੂਰਨ ਭੁਗਤਾਨ ਹੋਣ ਤੱਕ ਭਾਵੀ ਵਿਆਜ, ਲਾਗਤਾਂ, ਫੀਸਾਂ ਅਤੇ ਹੋਰ ਖਰਚਿਆਂ ਸਮੇਤ। |

ਮਿਤੀ : 13.05.2022 ਸਥਾਨ : ਗੁਰੂਹਰਿਸਹਾਏ ਅਧਿਕਾਰਤ ਅਧਿਕਾਰੀ, ਪੰਜਾਬ ਐਂਡ ਸਿੰਧ ਬੈਂਕ


charhdikala.timetv.news